ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 24 ਸਤੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੯ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਮਾਨ ਸਰਕਾਰ ਦੇ ਨਵੇਂ ਜਰਨੈਲ

# 5 ਵਿਧਾਇਕਾਂ ਨੇ ਮੰਤਰੀ ਵਜੋਂ ਲਿਆ ਹਲਫ਼, ਵਿਭਾਗਾਂ ਦੀ ਕੀਤੀ ਵੰਡ

■ ਵਿਧਾਇਕਾਂ ਨੂੰ ਮੰਤਰੀ ਵਜੋਂ ਸੰਵਿਧਾਨ ਅਨੁਸਾਰ ਪੰਜਾਬ ਦੇ ਰਾਜਪਾਲ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਮੰਤਰੀ ਵਜੋਂ ਸਹੁੰ ਚੁਕਵਾਈ। ਦੱਸ ਦਈਏ ਕਿ ਪੰਜਾਬ ਸਰਕਾਰ ਵਿੱਚ 18 ਮੰਤਰੀ ਹੋ ਸਕਦੇ ਹਨ....

### 'ਆਵਾਜ਼ਿ ਕੌਮ' ਦੀ ਵਿਸ਼ੇਸ਼ ਰਿਪੋਰਟ

ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਢਾਈ ਸਾਲਾਂ ਵਿੱਚ ਤੀਜੀ ਵਾਰ ਮੰਤਰੀ ਮੰਡਲ ਵਿੱਚ ਫੇਰਬਦਲ ਕੀਤਾ ਜਾ ਰਿਹਾ ਹੈ। ਜਿਸ ਲਈ 5 ਨਵੇਂ ਮੰਤਰੀਆਂ ਨੇ ਸਹੁੰ ਚੁੱਕੀ। ਇਨ੍ਹਾਂ ਵਿਧਾਇਕਾਂ ਨੂੰ ਮੰਤਰੀ ਵਜੋਂ ਸੰਵਿਧਾਨ ਅਨੁਸਾਰ ਪੰਜਾਬ ਦੇ ਰਾਜਪਾਲ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਮੰਤਰੀ ਵਜੋਂ ਸਹੁੰ ਚੁਕਵਾਈ। ਦੱਸ ਦਈਏ ਕਿ ਪੰਜਾਬ ਸਰਕਾਰ ਵਿੱਚ 18 ਮੰਤਰੀ ਹੋ ਸਕਦੇ ਹਨ। 5 ਨਵੇਂ ਵਿਧਾਇਕਾਂ ਨੂੰ ਸਹੁੰ ਚੁਕਾਉਣ ਤੋਂ ਬਾਅਦ ਮੰਤਰੀਆਂ ਦੀ ਗਿਣਤੀ 16 ਹੋ ਗਈ ਹੈ। ਦੱਸ ਦਇਏ ਕਿ ਸਾਹਨੇਵਾਲ ਤੋਂ ਵਿਧਾਇਕ ਹਰਦੀਪ ਸਿੰਘ ਮੁੰਡੀਆਂ , ਲਹਿਰਾਗਾਗਾ ਤੋਂ ਵਿਧਾਇਕ ਬਰਿੰਦਰ ਕੁਮਾਰ ਗੋਇਲ, ਖੰਨਾ ਤੋਂ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ, ਸ਼ਾਮ ਚੁਰਾਸੀ ਤੋਂ ਵਿਧਾਇਕ ਡਾ. ਰਵਜੋਤ ਸਿੰਘ ਅਤੇ ਜਲੰਧਰ ਪੱਛਮੀ ਤੋਂ ਜ਼ਿਮਨੀ ਚੋਣ ਜਿੱਤਕੇ ਵਿਧਾਇਕ ਬਣੇ ਮੋਹਿੰਦਰ ਭਗਤ ਨੇ ਮੰਤਰੀ ਵਜੋਂ ਹਲਫ਼ ਲਿਆ ਹੈ। ਦੱਸ ਦਇਏ ਕਿ ਬਲਕਾਰ ਸਿੰਘ, ਅਨਮੋਲ ਗਗਨ ਮਾਨ, ਚੇਤਨ ਸਿੰਘ ਜੌੜਾਮਾਜਰਾ ਅਤੇ ਬ੍ਰਹਮ ਸ਼ੰਕਰ ਜਿੰਪਾ ਦੀ ਐਤਵਾਰ ਨੂੰ ਕੈਬਨਿਟ ਵਿੱਚੋਂ ਛੁੱਟੀ ਕਰ ਦਿੱਤੀ ਗਈ ਸੀ।

## ਭਗਵੰਤ ਮਾਨ ਸਰਕਾਰ ਦੇ ਨਵੇਂ ਜਰਨੈਲ


ਹਰਦੀਪ ਸਿੰਘ ਮੁੰਡੀਆਂ


ਬਰਿੰਦਰ ਕੁਮਾਰ ਗੋਇਲ


ਤਰੁਨਪ੍ਰੀਤ ਸਿੰਘ ਸੌਂਦ


ਮੋਹਿੰਦਰ ਸਿੰਘ ਭਗਤ


ਡਾ. ਰਵਜੋਤ ਸਿੰਘ

### ਨਵੇਂ ਮੰਤਰੀਆਂ ਨੂੰ ਇਹ ਮਿਲੇ ਮਹਿਕਮੇ

**ਹਰਦੀਪ ਸਿੰਘ ਮੁੰਡੀਆਂ ਨੂੰ ਮਾਲੀਆ**, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ,ਪਾਣੀ ਦੀ ਸਪਲਾਈ ਅਤੇ ਸੈਨੀਟੇਸ਼ਨ, ਰਿਹਾਇਸ਼ ਅਤੇ ਸ਼ਹਿਰੀ ਵਿਕਾਸ, ਬਰਿੰਦਰ ਕੁਮਾਰ ਗੋਇਲ ਨੂੰ ਖਾਣਾਂ ਅਤੇ ਭੂ-ਵਿਗਿਆਨ, ਪਾਣੀ ਦੇ ਸਰੋਤ, ਜ਼ਮੀਨ ਅਤੇ ਪਾਣੀ ਦੀ ਸੰਭਾਲ, ਤਰੁਨਪ੍ਰੀਤ ਸਿੰਘ ਸੌਂਦ ਨੂੰ ਸੈਰ ਸਪਾਟਾ ਅਤੇ ਸੱਭਿਆਚਾਰ ਮਾਮਲੇ, ਨਿਵੇਸ਼ ਪ੍ਰੋਤਸਾਹਨ, ਮਜ਼ਦੂਰੀ, ਪਰਾਹੁਣਚਾਰੀ, ਉਦਯੋਗ ਅਤੇ ਵਣਜ ਅਤੇ ਪੇਂਡੂ ਵਿਕਾਸ ਅਤੇ ਪੰਚਾਇਤਾਂ, ਡਾ: ਰਵਜੋਤ ਸਿੰਘ ਨੂੰ ਸਥਾਨਕ ਸਰਕਾਰ, ਸੰਸਦੀ ਮਾਮਲੇ ਅਤੇ ਮਹਿੰਦਰ ਭਗਤ ਨੂੰ ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਏ ਅਤੇ ਬਾਗਬਾਨੀ ਮਹਿਕਮੇ ਦਿੱਤੇ ਗਏ ਹਨ।

### ਪੰਜਾਬ ਕੈਬਨਿਟ 'ਚ ਫੇਰਬਦਲ ਦੌਰਾਨ ਕੁਰਸੀ ਬਚਾਉਣ 'ਚ ਕਾਮਯਾਬ ਰਹੇ ਲੋਕ ਸਭਾ ਚੋਣ ਹਾਰਨ ਵਾਲੇ ਮਾਨ ਸਰਕਾਰ ਦੇ 4 ਕੈਬਨਿਟ ਮੰਤਰੀ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਪਣੇ ਮੰਤਰੀ ਮੰਡਲ ਦੇ ਫੇਰਬਦਲ ਨੂੰ ਲੈ ਕੇ ਕਾਫ਼ੀ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ, ਜਿਸ ਨਾਲ ਜੁੜਿਆ ਇਕ ਪਹਿਲੂ ਇਹ ਵੀ ਹੈ ਕਿ ਲੋਕ ਸਭਾ ਚੋਣਾਂ ਵਿਚ ਹਾਰੇ ਚਾਰ ਮੰਤਰੀ ਆਪਣੀ ਕੁਰਸੀ ਬਚਾਉਣ ਵਿਚ ਸਫ਼ਲ ਰਹੇ ਹਨ। ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਲੋਕ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਮੌਜੂਦਾ ਮੰਤਰੀਆਂ ਨੂੰ 5 ਸੀਟਾਂ 'ਤੇ ਉਮੀਦਵਾਰ ਬਣਾਇਆ ਗਿਆ ਸੀ ਪਰ ਇਨ੍ਹਾਂ ਵਿੱਚੋਂ ਸਿਰਫ਼ ਗੁਰਮੀਤ ਸਿੰਘ ਮੀਤ ਹੇਅਰ ਨੂੰ ਹੀ ਸੰਗਰੂਰ ਤੋਂ ਜਿੱਤ ਹਾਸਲ ਹੋਈ ਜਦਕਿ ਬਾਕੀ ਮੰਤਰੀਆਂ ਨੂੰ ਹਾਰ ਦਾ ਸਾਹਮਣਾ ਕਰਨਾ। ਜਿਸ ਤੋਂ ਬਾਅਦ ਇਹ ਚਰਚਾ ਸੁਣਨ ਨੂੰ ਮਿਲ ਰਹੀ ਸੀ ਕਿ ਮੰਤਰੀ ਮੰਡਲ ਵਿਚ ਫੇਰਬਦਲ ਦੌਰਾਨ ਲੋਕ ਸਭਾ ਚੋਣਾਂ ਹਾਰਨ ਵਾਲੇ ਮੰਤਰੀਆਂ ਨੂੰ ਹਟਾਇਆ ਜਾ ਸਕਦਾ ਹੈ ਪਰ ਫ਼ੈਸਲਾ ਇਸ ਦੇ ਬਿਲਕੁਲ ਉਲਟ ਆਇਆ ਹੈ ਅਤੇ ਜਿਹੜੇ ਮੰਤਰੀਆਂ ਨੇ ਲੋਕ ਸਭਾ ਚੋਣ ਨਹੀਂ ਲੜੀ ਸੀ, ਉਨ੍ਹਾਂ ਨੂੰ ਹਟਾ ਦਿੱਤਾ ਗਿਆ ਹੈ। ਲੋਕ ਸਭਾ ਚੋਣਾਂ ਦੌਰਾਨ ਬ੍ਰਹਮ ਸ਼ੰਕਰ ਜਿੰਪਾ ਅਤੇ ਅਨਮੋਲ ਗਗਨ ਮਾਨ ਦੇ ਹਲਕਾ ਹੁਸ਼ਿਆਰਪੁਰ ਅਤੇ ਸ੍ਰੀ ਆਨੰਦਪੁਰ ਸਾਹਿਬ ਤੋਂ ਵੀ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿੱਤ ਹਾਸਲ ਹੋਈ ਹੈ। ਇਨ੍ਹਾਂ ਮੰਤਰੀਆਂ ਨੂੰ ਨਹੀਂ ਹਾਸਲ ਹੋਈ ਸੀ ਜਿੱਤ : ਡਾ.ਬਲਬੀਰ ਸਿੰਘ (ਪਟਿਆਲਾ), ਕੁਲਦੀਪ ਸਿੰਘ ਧਾਲੀਵਾਲ (ਅੰਮ੍ਰਿਤਸਰ), ਲਾਲਜੀਤ ਸਿੰਘ ਭੁੱਲਰ (ਖਡੂਰ ਸਾਹਿਬ), ਗੁਰਮੀਤ ਸਿੰਘ ਖੁੱਡੀਆਂ (ਬਠਿੰਡਾ) ਸ਼ਾਮਲ ਹਨ।

## ਖਾਲਸਾ ਕਾਲਜ ਵਿੱਚ ਡੀਯੂਐਸਯੂ ਚੋਣਾਂ ਲਈ ਨਾਮਜ਼ਦਗੀ ਦਾਖ਼ਲ ਕਰਨ ਜਾ ਰਹੇ ਅੰਮ੍ਰਿਤਧਾਰੀ ਸਿੱਖ ਵਿਦਿਆਰਥੀ ਪਵਿਤ ਸਿੰਘ ਨਾਲ ਕੁੱਟਮਾਰ, ਪੱਗ ਉਤਾਰੀ



**ਨਵੀਂ ਦਿੱਲੀ 23 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):-** ਐਤਵਾਰ ਨੂੰ ਖਾਲਸਾ ਕਾਲਜ ਵਿੱਚ ਡੀਯੂਐਸਯੂ ਚੋਣਾਂ ਲਈ ਨਾਮਜ਼ਦਗੀ ਦਾਖ਼ਲ ਕਰਨ ਜਾ ਰਹੇ ਇਕ ਅੰਮ੍ਰਿਤਧਾਰੀ ਸਿੱਖ ਵਿਦਿਆਰਥੀ ਪਵਿਤ ਸਿੰਘ ਨਾਲ ਕੁੱਟਮਾਰ ਕਰਣ ਨਾਲ ਓਸ ਦੀ ਪੱਗ ਉਤਾਰ ਦਿੱਤੀ ਗਈ, ਤੇ ਓਸ ਨੂੰ ਕੇਸਾਂ ਤੋਂ ਫੜ ਖਿੱਚ ਧੂਹ ਕੀਤੀ ਗਈ। ਇਸ ਵਾਕਿਆਤ ਦੀ ਵੀਡੀਓ ਵਾਇਰਲ ਹੋਣ ਨਾਲ ਸਿੱਖ ਪੰਥ ਧਾਰਮਿਕ ਭਾਵਨਾਵਾਂ ਨੂੰ ਵਡੀ ਠੇਸ ਪੁੱਜੀ। ਵਿਦਿਆਰਥੀ ਨੇ ਦੋਸ਼ ਲਾਇਆ ਕਿ ਉਸ ਦੇ ਵਾਲ ਖਿੱਚੇ ਗਏ ਅਤੇ ਉਸ ਨੂੰ ਕੁੱਟਿਆ ਗਿਆ। ਇਸ ਘਟਨਾ ਨਾਲ ਕਾਲਜ ਵਿੱਚ ਤਣਾਅ ਦਾ ਮਾਹੌਲ ਬਣ ਗਿਆ। ਮਾਮਲੇ ਦਾ ਪਤਾ ਲਗਦੇ ਹੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੀ ਮਹਿਲਾ ਵਿੰਗ ਦੇ ਮੁੱਖੀ ਬੀਬੀ ਰਣਜੀਤ ਕੌਰ ਤੁਰੰਤ ਕਾਲਜ ਪੁੱਜ ਗਏ ਤੇ ਇਸ ਮਾਮਲੇ ਵਿੱਚ ਦੋਸ਼ੀਆਂ ਵਿਰੁੱਧ ਮੌਰੀਸ ਨਗਰ ਥਾਣੇ ਵਿੱਚ ਐਫਆਈਆਰ ਦਰਜ ਕਰਵਾਉਣ ਲਈ ਜਦੋ ਜਹਿਦ ਸ਼ੁਰੂ ਕਰ ਦਿੱਤੀ। ਠਾਣੇ ਬਾਹਰ ਵਡੀ ਗਿਣਤੀ ਅੰਦਰ ਸੰਗਤਾਂ ਦੇ ਕੀਤੇ ਗਏ ਇਕੱਠ ਅਤੇ ਧਰਨੇ ਨੂੰ ਦੇਖਦਿਆਂ ਮੋਰੀਸ ਨਗਰ ਠਾਣੇ ਵਲੋਂ ਐਫ ਆਈ ਆਰ ਦਰਜ਼ ਕੀਤੀ ਗਈ ਜਿਸ ਵਿਚ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ ਤਹਿਤ ਗੰਭੀਰ ਦੋਸ਼ ਲਾਏ ਗਏ ਹਨ। ਐਫਆਈਆਰ ਵਿੱਚ ਧਾਰਾ 299 (ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੇ ਇਰਾਦੇ ਨਾਲ ਜਾਣਬੁੱਝ ਕੇ ਕੰਮ), 115 (2) (ਸਵੈ-ਇੱਛਾ ਨਾਲ ਠੇਸ ਪਹੁੰਚਾਉਣਾ), ਅਤੇ 351 (2) (ਅਪਰਾਧਿਕ ਧਮਕੀ) ਸ਼ਾਮਲ ਹਨ। ਬੀਬੀ ਰਣਜੀਤ ਕੌਰ ਨੇ ਦਿੱਲੀ ਕਮੇਟੀ ਦੇ ਆਗੂਆਂ ਤੇ ਦੋਸ਼ ਲਗਾਏ ਹਨ ਕਿ ਓਹ ਸਿੱਖ ਪੰਥ ਦੇ ਮਸਲਿਆਂ ਪ੍ਰਤੀ ਗੰਭੀਰ ਨਹੀਂ ਹਨ ਤੇ ਜਦੋ ਵੀ ਪੰਥ ਨਾਲ ਕੋਈ ਭਾਣਾ ਵਾਪਰਦਾ ਹੈ ਇਹ ਲੋਕ ਮੌਕੇ ਤੇ ਨਜਰ ਨਹੀਂ ਆਂਦੇ ਹਨ, ਮਸਲਾ ਹੱਲ ਹੋਣ ਉਪਰੰਤ ਵਾਹ ਵਾਹ ਖੱਟਣ ਲਈ ਇਕ ਦੋ ਦਿਨਾਂ ਬਾਅਦ ਅਖਬਾਰੀ ਬਿਆਨ ਜਰੂਰ ਲਗਾ ਦੇਂਦੇ ਹਨ। ਜਿਕਰਯੋਗ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਮੇਟੀ ਅਧੀਨ ਚਲਦੇ ਕਾਲਜਾਂ ਨੂੰ ਡੀਯੂਐਸਯੂ ਤੋਂ ਵੱਖ ਕਰ ਲਿਆ ਹੈ ਜਿਸਦਾ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏਬੀਵੀਪੀ) ਅਤੇ ਕਾਂਗਰਸ ਦੀ ਨੈਸ਼ਨਲ ਸਟੂਡੈਂਟਸ ਯੂਨੀਅਨ (ਐਨਐਸਯੂਆਈ) ਦੇ ਵਿਦਿਆਰਥੀ ਇਸ ਫੈਸਲੇ ਵਿਰੁੱਧ ਆਪਣਾ ਇਤਰਾਜ਼ ਪ੍ਰਗਟ ਕਰ ਰਹੇ ਹਨ। ਏਬੀਵੀਪੀ ਨੇ ਇਸ ਮੁੱਦੇ 'ਤੇ ਦਿੱਲੀ ਦੀ ਇੱਕ ਅਦਾਲਤ ਵਿੱਚ ਵੀ ਪਟੀਸ਼ਨ ਦਾਇਰ ਕੀਤੀ ਹੈ, ਜਿਸ ਵਿੱਚ ਡੀਐਸਜੀਐਮਸੀ ਕਾਲਜਾਂ ਨੂੰ ਡੀਯੂਐਸਯੂ ਤੋਂ ਵੱਖ ਕਰਨ ਨੂੰ ਚੁਣੌਤੀ ਦਿੱਤੀ ਗਈ ਹੈ। ਦੋਸ਼ੀਆਂ ਵਿਰੁੱਧ ਐਫਆਈਆਰ ਕਰਵਾਉਣ ਲਈ ਲਗੇ ਧਰਨੇ ਵਿਚ ਬੀਬੀ ਰਣਜੀਤ ਕੌਰ ਦੇ ਨਾਲ ਰਮਨਦੀਪ ਸਿੰਘ ਸੋਨੂੰ, ਗੁਰਪ੍ਰੀਤ ਸਿੰਘ ਰਿੰਟਾ, ਅਵਤਾਰ ਸਿੰਘ ਮਾਕਨ ਸਮੇਤ ਵਡੀ ਗਿਣਤੀ ਅੰਦਰ ਸਿੱਖ ਸੰਗਤਾਂ ਦੇ ਨਾਲ ਕਾਲਜ ਦੇ ਵਿਦਿਆਰਥੀ ਵੀ ਸ਼ਾਮਿਲ ਸਨ।

■ **ਬੀਬੀ ਰਣਜੀਤ ਕੌਰ ਵਲੋਂ ਲਗਾਏ ਗਏ ਧਰਨੇ ਉਪਰੰਤ ਐਫਆਈਆਰ ਹੋਈ ਦਰਜ**

### ਕੀ ਕਰ ਰਹੀ ਹੈ ਪੁਲਿਸ ?

## ਲਾਰੈਂਸ ਬਿਸ਼ਨੋਈ ਨੇ ਜੇਲ੍ਹ ਚੋਂ ਵੀਡੀਓ ਕਾਲ ਕਰਕੇ ਦਿੱਤੀ ਧਮਕੀ, ਕਿਹਾ-5 ਕਰੋੜ ਦੇ ਨਹੀਂ ਤਾਂ...



ਚੰਡੀਗੜ੍ਹ, 23 ਸਤੰਬਰ (ਆਵਾਜ਼ਿ ਕੌਮ ਬਿਊਰੋ)- ਗੈਂਗਸਟਰ ਲਾਰੈਂਸ ਬਿਸ਼ਨੋਈ ਦਿਨੀਂ ਜੇਲ੍ਹ ਵਿੱਚ ਹੈ। ਇਸ ਦੇ ਬਾਵਜੂਦ ਉਹ ਲੋਕਾਂ ਨੂੰ ਧਮਕੀਆਂ ਦੇ ਕੇ ਫਿਰੌਤੀ ਦੀ ਮੰਗ ਕਰ ਰਿਹਾ ਹੈ। ਇਸ ਦੇ ਲਈ ਉਹ ਲਗਾਤਾਰ ਵੀਡੀਓ ਕਾਲ ਵੀ ਕਰ ਰਿਹਾ ਹੈ। ਅਜਿਹੀ ਹੀ ਇੱਕ ਵੀਡੀਓ ਕਾਲ ਗੈਰ-ਕਾਨੂੰਨੀ ਕਾਲ ਸੈਂਟਰ ਮਾਫੀਆ ਕੁਨਾਲ ਛਾਬੜਾ ਨੂੰ ਵੀ ਆਈ ਸੀ। ਹਾਲਾਂਕਿ ਇਹ ਕੁਝ ਦਿਨ ਪਹਿਲਾਂ ਦੀ ਦੱਸੀ ਜਾ ਰਿਹਾ ਹੈ। ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਲਾਰੈਂਸ ਨੇ ਛਾਬੜਾ ਤੋਂ 5 ਕਰੋੜ ਰੁਪਏ ਦੀ ਫਿਰੌਤੀ ਮੰਗੀ ਹੈ। ਕੁਨਾਲ ਛਾਬੜਾ ਨੂੰ ਭਰੋਸਾ ਦਿਵਾਉਣ ਲਈ ਲਾਰੈਂਸ ਨੇ ਪਹਿਲਾਂ ਵੀਡੀਓ ਕਾਲ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੇ ਮੈਨੂੰ ਪਛਾਣ ਲਿਆ ਹੈ। ਲਾਰੈਂਸ ਦਾ ਇਹ ਕਾਲ ਉਸ ਸਮੇਂ ਆਇਆ ਜਦੋਂ ਉਹ ਜੇਲ੍ਹ ਵਿੱਚ ਸੀ। ਇਸ ਦੇ ਨਾਲ ਹੀ ਛਾਬੜਾ ਨੇ ਲਾਰੈਂਸ ਨੂੰ ਦੱਸਿਆ ਕਿ ਉਹ ਦੁਬਈ 'ਚ ਹੈ। ਇਸ ਤੋਂ ਬਾਅਦ ਲਾਰੈਂਸ ਨੇ ਵਾਇਸ ਕਾਲ ਕਰਕੇ ਕੁਨਾਲ ਤੋਂ 5 ਕਰੋੜ ਰੁਪਏ ਦੀ ਫਿਰੌਤੀ ਮੰਗੀ। ਇਸ 'ਤੇ ਕੁਨਾਲ ਨੇ ਕੁਝ ਦਿਨਾਂ ਦਾ ਸਮਾਂ ਮੰਗਿਆ ਪਰ ਲਾਰੈਂਸ ਨੇ ਸਮਾਂ ਦੇਣ ਤੋਂ ਇਨਕਾਰ ਕਰ ਦਿੱਤਾ। ਇਨ੍ਹੀਂ ਦਿਨੀਂ ਰਾਜਧਾਨੀ ਦਿੱਲੀ 'ਚ ਗੈਂਗਸਟਰਾਂ ਅਤੇ ਅੰਡਰਵਰਲਡ ਦਾ ਡਰ ਬਣਿਆ ਹੋਇਆ ਹੈ। ਰਾਜਧਾਨੀ ਦੇ ਕਈ ਵੱਡੇ ਉਦਯੋਗਪਤੀਆਂ ਨੂੰ ਧਮਕੀਆਂ ਮਿਲ ਰਹੀਆਂ ਹਨ। ਇਹ ਧਮਕੀਆਂ ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗੈਂਗ ਨੇ ਦਿੱਤੀਆਂ ਹਨ। ਇਸ ਤੋਂ ਪਹਿਲਾਂ ਗ੍ਰੇਟਰ ਕੈਲਾਸ਼ ਦੇ ਰਹਿਣ ਵਾਲੇ ਗੀਤ ਨਿਰਮਾਤਾ ਅਮਨ ਬੱਤਰਾ ਨੂੰ ਵੀ ਅਜਿਹਾ ਹੀ ਧਮਕੀ ਭਰਿਆ ਕਾਲ ਆਇਆ ਸੀ। ਉਨ੍ਹਾਂ ਤੋਂ 5 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ ਹੈ। ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਨਾਂਅ ਅਪਰਾਧ ਦੀ ਦੁਨੀਆ ਵਿੱਚ ਬਹੁਤ ਵਰਤੇ ਜਾਂਦੇ ਹਨ। ਫ਼ਿਰੋਜ਼ਪੁਰ 'ਚ ਪੈਦਾ ਹੋਏ ਲਾਰੈਂਸ ਬਿਸ਼ਨੋਈ 'ਤੇ ਦੋ ਦਰਜਨ ਤੋਂ ਵੱਧ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ 'ਚੋਂ ਜ਼ਬਰਦਸਤੀ ਵਸੂਲੀ ਤੇ ਕਤਲ ਸਭ ਤੋਂ ਵੱਧ ਹਨ। ਉਸ ਦੇ ਗਰੋਹ ਵਿੱਚ ਸੈਂਕੜੇ ਲੋਕ ਸ਼ਾਮਲ ਹਨ। ਹਾਲਾਂਕਿ ਲਾਰੈਂਸ ਬਿਸ਼ਨੋਈ ਇਨ੍ਹੀਂ ਦਿਨੀਂ ਤਿਹਾੜ ਜੇਲ 'ਚ ਬੰਦ ਹੈ ਪਰ ਜੇਲ 'ਚ ਬੈਠ ਕੇ ਵੀ ਉਸ ਦਾ ਆਪਣੇ ਗੈਂਗ 'ਤੇ ਪੂਰਾ ਕੰਟਰੋਲ ਹੈ।

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**


## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੁਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net


ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment

ਪੰਜਾਬੀ
ਸਿੱਖੋ ਬੋਲੋ ਪੜ੍ਹੋ ਲਿਖੋ
ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ
Love Maa Boli Punjabi

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

www.damdamitaksal.net

ਮੁਕਤਾ · ਾ ਕੰਨਾ · ਿ ਸਿਹਾਰੀ · ੀ ਬਿਹਾਰੀ
ੁ ਔਂਕੜ · ੂ ਦੁਲੈਂਕੜ · ੇ ਲਾਂ · ੈ ਦੁਲਾਵਾਂ
ੋ ਹੋੜਾ · ੌ ਕਨੌੜਾ · ੰ ਟਿੱਪੀ · ਾਂ ਕੰਨਾ-ਬਿੰਦੀ
www.damdamitaksal.net

੧ ੨ ੩ ੪ ੫ ੬ ੭ ੮ ੯ ੧੦
www.damdamitaksal.net
Learn Speak Read Write
PUNJABI


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









www.khalsaforge.com

# HAYES PLANT HIRE

## WE TRAIN YOU GAIN

NPORS ACCREDITED


Telescopic Handler


Excavator 360


Road Roller


Forward Tipping Dumper


Tractor


Dozer

Plant Training and Testing on All CATEGORIES OF MACHINERY.


Dump Truck

# HAYES PLANT HIRE

ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ

NROPS Accredited

ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।

## CONTACT- 07831543004

Hollis Farm, Clay Cross Chesterfield. S45 9BA

01246864370

ਆਵਾਜ਼ਿ ਕੌਮ AWAZE QAUM International Newspaper & WEB TV

CALL US TO BOOK YOUR CSCS LEVEL ONE COURSE.

07715 1-28621




# • ਪੁਰਜ਼ੋਰ ਅਪੀਲ •

ਦੇਸ਼ ਵਿਦੇਸ਼ ਵਿੱਚ ਵੱਸਦੀ ਸਮੂਹ ਸਿੱਖ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤੀ ਹਕੂਮਤ ਦੇ ਹੁਕਮਾਂ ਤੇ ਸਿੱਖਾਂ ਦੇ ਪਾਵਨ ਪਵਿੱਤਰ ਅਸਥਾਨ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਤੇ ਧਾੜਵੀ ਬਣਕੇ ਆਕੇ ਟੈਂਕਾਂ ਤੋਪਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਲੇ ਜਰਨਲ ਵੈਦਿਆ ਨੂੰ ਸੋਧਾ ਲਾਕੇ ਸਿੱਖ ਕੌਮ ਦੀ ਡਿੱਗੀ ਪੱਗ ਸਿਰ ਤੇ ਰੱਖਣ ਵਾਲੇ ਸੂਰਬੀਰ ਯੋਧੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਜੀ ਦੀ 32ਵੀਂ ਬਰਸੀ ਉਹਨਾਂ ਦੇ ਜੱਦੀ ਪਿੰਡ ਗੱਦਲੀ, ਜਿਲਾ ਅੰਮ੍ਰਿਤਸਰ ਵਿਖੇ 9 ਅਕਤੂਬਰ 2024 ਨੂੰ ਮਨਾਈ ਜਾ ਰਹੀ ਹੈ। ਆਪ ਸਭ ਨੇ ਆਪਣੇਂ ਕੀਮਤੀ ਰੁਝੇਵਿਆਂ ਚੋਂ ਸਮਾਂ ਕੱਢ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਬੇਨਤੀ ਕਰਤਾ :-

## ਭਾਈ ਭੁਪਿੰਦਰ ਸਿੰਘ ਗੱਦਲੀ

(ਭਰਾਤਾ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ)


ਧੰਨ-ਧੰਨ ਬਾਬਾ ਜਵਾਹਰਦਾਸ ਜੀ ਦੀ 105ਵੀਂ ਬਰਸੀ ਦੇ ਸੰਬੰਧ ਵਿੱਚ
ਡੇਰਾ ਬਾਬਾ ਜਵਾਹਰਦਾਸ ਜੀ ਚੈਰੀਟੇਬਲ ਟਰੱਸਟ (ਰਜਿ:)
(ਬ੍ਰਾਂਚ ਦਮਦਮੀ ਟਕਸਾਲ ਜਥਾ (ਭਿੰਡਰਾਂ) ਮਹਿਤਾ
ਪਿੰਡ ਸੂਸਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ
ਸਾਲਾਨਾ ਸਮਾਗਮ
27 ਸਤੰਬਰ 2024, ਸ਼ੁਕਰਵਾਰ ਸਵੇਰੇ 10.00 ਤੋਂ 4.00 ਵਜੇ ਤੱਕ ਹੋਵੇਗਾ।
ਸ. ਹਰਜਿੰਦਰ ਸਿੰਘ ਜੀ ਧਾਮੀ
ਬਾਬਾ ਬੰਤਾ ਸਿੰਘ ਜੀ
ਸਿੰਘ ਸਾਹਿਬ ਗਿਆਨੀ ਪਰਵਿੰਦਰ ਸਿੰਘ ਜੀ ਭੂੰਟਰ
ਭਾਈ ਸਤਨਾਮ ਸਿੰਘ ਜੀ ਭੈਕਾ
ਖੇਜਕੀਪੁਰ ਵਾਲਿਆਂ ਦਾ ਜਥਾ
ਭਾਈ ਰਣਜੋਧ ਸਿੰਘ ਜੀ ਪਾਲਾ
ਸ੍ਰੀ ਅਖੰਡ ਪਾਠ ਸਾਹਿਬ ਜੀ
ਮਿਤੀ 25 ਸਤੰਬਰ ਬੁੱਧਵਾਰ ਸਵੇਰੇ ਆਰੰਭ ਹੋਣਗੇ।
ਫੋਨ: 99158-00904,
99150-42113
live on
ਦਮਦਮੀ ਟਕਸਾਲ ਟੀਵੀ
TV
LIVE
'BABA JAWAHAR DASS JI'
Soosan wale
ਭਾਈ ਸੁਖਵਿੰਦਰ ਸਿੰਘ ਜੀ
ਭਾਈ ਸਰਬਜੀਤ ਸਿੰਘ ਜੀ
ਭਾਈ ਜਸਪ੍ਰੀਤ ਸਿੰਘ ਜੀ
ਸੋਨੂੰ ਸਿੰਘ ਜੀ
ਗੁਰੂ ਪੰਥ ਦੇ ਦਾਸ :-
ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ
ਮੁਖੀ ਦਮਦਮੀ ਟਕਸਾਲ (ਪ੍ਰਧਾਨ ਸੰਤ ਸਮਾਜ)
ਮੁੱਖ ਪ੍ਰਬੰਧਕ : ਡੇਰਾ ਬਾਬਾ ਜਵਾਹਰਦਾਸ ਜੀ (ਬ੍ਰਾਂਚ ਦਮਦਮੀ ਟਕਸਾਲ, ਜੱਥਾ ਭਿੰਡਰਾਂ ਮਹਿਤਾ) ਪਿੰਡ ਸੂਸਾਂ, ਜ਼ਿਲ੍ਹਾ ਹੁਸ਼ਿਆਰਪੁਰ।
Amrit 98722-39775


ਧੰਨ-ਧੰਨ ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਜੋਤੀ-ਜੋਤਿ ਦਿਵਸ ਅਤੇ ਸਤਿਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ
ਗੁਰਮਤਿ ਕਥਾ ਸਮਾਗਮ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
ਸਾਊਥਹਾਲ, ਲੰਡਨ, ਯੂਕੇ ਵਿਖੇ
16 ਸਤੰਬਰ ਤੋਂ 22 ਸਤੰਬਰ 2024
ਸਮਾਂ 6.30 am ਅਤੇ 6.30 pm
ਗਿਆਨੀ ਰਾਜਪਾਲ ਸਿੰਘ ਬੋਪਾਰਾਏ
ਕਥਾਵਾਚਕ ਦਮਦਮੀ ਟਕਸਾਲ
ਸੰਪਰਕ: +91 9478897960
ਆਵਾਜ਼ਿ ਕੌਮ
AWAZE QAUM
International Newspaper & WEB TV



DHAN DHAN SRI GURU NANAK DEV JI'S
PARKASH PURAB
SANDWELL
NAGAR
KIRTAN
ਨਗਰ ਕੀਰਤਨ
SUNDAY 3 NOV 2024
GURDWARA GURU HAR RAI SAHIB JI START 9.00AM
George Street, West Bromwich
GURU NANAK GURDWARA 11.00AM
Edward Street, West Bromwich
GURDWARA AMRIT PARCHAR DHARMIK DIWAN 1.00PM
Birmingham Road, Oldbury
GURDWARA GURU MANEYO GRANTH 2.00PM
Popes Lane, Oldbury
GURDWARA BABA SANG 3.15PM
St Paul's Road, Smethwick
GURU NANAK GURDWARA SMETHWICK 4.00pm FINISH
High Street, Smethwick
ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਅਰੰਭਤਾ: ੯.੦੦ ਵਜੇ
ਜੋਰਜ ਸਟਰੀਟ ਵੈਸਟ ਬ੍ਰਮਵਿਚ
ਗੁਰੂ ਨਾਨਕ ਗੁਰਦੁਆਰਾ, ੧੧.੦੦ ਵਜੇ
ਏਡਵਰਡ ਸਟਰੀਟ ਵੈਸਟ ਬ੍ਰਮਵਿਚ
ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ ੧.੦੦ ਵਜੇ
ਬ੍ਰਮਿੰਘਮ ਰੋਡ, ਓਲਡਬਰੀ
ਗੁਰਦੁਆਰਾ ਗੁਰੂ ਮਾਨਯੋ ਗ੍ਰੰਥ ੨.੦੦ ਵਜੇ
ਪੋਪਸ ਲੇਨ, ਓਲਦਬਰੀ
ਗੁਰਦੁਆਰਾ ਬਾਬਾ ਸੰਗ ਜੀ ੩.੧੫ ਵਜੇ
ਸਟ. ਪੌਲਜ਼ ਰੋਡ, ਸਮੈਦਿਕ
ਗੁਰੂ ਨਾਨਕ ਗੁਰਦੁਆਰਾ ਸਮਾਪਤੀ: ੪.੦੦ ਵਜੇ
ਸਮੈਦਿਕ
ਆਵਾਜ਼ਿ ਕੌਮ AWAZE QAUM International Newspaper & WEB TV
GURU HAR RAI GURDWARA SAHIB - 0121 553 7219
GURU NANAK GURDWARA SMETHWICK - 0121 558 2527
ਹਰਿਰਾਇ
GURDWARA AMRIT PARCHAR DHARMIK DIWAN OLDBURY
Gurdwara Guru Maneyo Granth OLDBURY
GURU NANAK GURDWARA SMETHWICK
The Council of Sikh Gurdwaras in Sandwell




# 'ਸਰਕਾਰ-ਏ-ਖ਼ਾਲਸਾ' ਚੈਨਲ 'ਤੇ ਸੁਚਾਰੂ ਸੰਵਾਦ ਦਾ ਮੁੱਢ ਬੰਨ੍ਹਣ ਦੀ ਕੋਸ਼ਿਸ਼ ਕਰਾਂਗੇ : ਟੀਮ ਸਰਕਾਰ-ਏ-ਖ਼ਾਲਸਾ ਮੀਡੀਆ ਨੈਟਵਰਕ (ਸਰੀ, ਕੈਨੇਡਾ)

ਭਾਰਤ ਅਤੇ ਬਾਹਰ ਵੱਸਦੇ ਮੁਲਕਾਂ ਵਿਚ ਸਿੱਖਾਂ ਖ਼ਿਲਾਫ ਦੋਹਰੇ-ਤੀਹਰੇ ਹਮਲ਼ੇ ਕੀਤੇ ਜਾ ਰਹੇ ਹਨ; ਸਾਨੂੰ ਕਤਲ ਕੀਤਾ ਜਾ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਭਾਰਤੀ ਹਕੂਮਤ ਸਾਨੂੰ ਕਤਲ ਵੀ ਕਰ ਰਹੀ ਹੈ ਤੇ ਭਾਰਤੀ ਤੰਤਰ ਬਿਰਤਾਂਤ ਦਾ ਜਾਲ਼ ਬੁਣਕੇ ਸਾਡੇ ਕਤਲਾਂ ਨੂੰ ਤੇ ਸਾਡੀ ਨਸਲਕੁਸ਼ੀ ਨੂੰ ਜਾਇਜ਼ ਕਰਾਰ ਦੇ ਰਿਹਾ ਹੈ। ਇਸ ਬਿਰਤਾਂਤ ਦੀ ਜੰਗ ਨੇ ਨਾ ਸਿਰਫ ਸਾਨੂੰ ਸਰੀਰਕ ਮੌਤ ਦਿੱਤੀ ਹੈ ਪਰ ਸਾਨੂੰ ਇਤਿਹਾਸ ਦੇ ਅਜਿਹੇ ਹਨ੍ਹੇਰ ਵੱਲ ਧੱਕਿਆ ਹੈ ਜਿਸ ਨਾਲ ਸਿੱਖ ਸਵੈ ਵਿਰੋਧੀ ਤੇ ਸਵੈ ਨਫਰਤ ਦਾ ਸ਼ਿਕਾਰ ਹੋ ਗਏ ਹਨ। ਸਾਡੀ ਸਾਰੀ ਊਰਜਾ, ਸਾਡਾ ਸਾਰਾ ਜ਼ੋਰ ਜਿੱਥੇ ਦੁਸ਼ਮਣ ਦੇ ਬਣਾਏ ਨਕਲ਼ੀ ਤੇ ਝੂਠੇ ਬਿੰਬ ਨੂੰ ਤੋੜਣ ਵੱਲ ਲੱਗਣਾ ਚਾਹੀਦਾ ਸੀ; ਉਹ ਸਾਰਾ ਹੁਣ ਆਪਸੀ ਵਿਰੋਧ ਵੱਲ ਲੱਗ ਰਿਹਾ ਹੈ। ਸਿੱਖਾਂ ਦਾ ਇੱਕ ਹਿੱਸਾ ਰਾਸ਼ਟਰਵਾਦ ਦੇ ਜ਼ਿਹਰ 'ਚ ਗਲ਼ਤਾਨ ਹੋ ਕੇ ਇਹ ਕਬੂਲ ਚੁੱਕਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲ਼ਾ ਹੋਣਾ ਠੀਕ ਸੀ।

ਪਰ ਇਹ ਸਭ ਸੰਭਵ ਕਿਵੇਂ ਹੋਇਆ ? ਕਿਵੇਂ ਦੁਸ਼ਮਣ ਤੁਹਾਡੇ ਦਿਮਾਗ 'ਚ ਇਹ ਜ਼ਿਹਰ ਧੱਕ ਸਕਿਆ ?

ਇਹ ਸੰਭਵ ਹੋਇਆ ਬਿਰਤਾਂਤ ਨਾਲ। ਬਿਰਤਾਂਤ ਦੇ ਤਾਕਤ ਕੇਂਦਰ ਹਨ ਮੀਡੀਆ, ਵਿੱਦਿਅਕ ਅਦਾਰੇ ਤੇ ਮੈਟਾ ਵਰਗੀਆਂ ਕੰਪਨੀਆਂ।

ਸਾਡੀ ਜੰਗ ਬਿਰਤਾਂਤ ਦੀ ਹੈ, ਮਸ਼ੀਨਰੀ ਦੀ ਹੈ। ਤੇ ਸਿੱਖ ਬਿਰਤਾਂਤ ਦੀ ਜੰਗ ਵਿਚ ਨਾ ਸਿਰਫ ਪੱਛੜ ਰਹੇ ਹਨ ਪਰ ਬੁਰੀ ਤਰ੍ਹਾਂ ਹਾਰ ਵੀ ਰਹੇ ਹਨ। ਇਨ੍ਹਾਂ ਹਲਾਤਾਂ ਵਿਚ ਮੀਡੀਆ ਤੇ ਪੱਤਰਕਾਰੀ ਸਾਡੀ ਅਣਸਰਦੀ ਲੋੜ ਬਣ ਚੁੱਕੇ ਹਨ। ਮੀਡੀਆ ਤਾਕਤ ਦਾ ਉਹ ਕੇਂਦਰ ਬਣ ਚੁੱਕਿਆ ਹੈ, ਜਿੱਥੋਂ ਹਰ ਗੱਲ ਨੂੰ ਪਰਿਭਾਸ਼ਤ ਕੀਤਾ ਜਾਂਦਾ ਹੈ। ਇਸੇ ਮੀਡੀਏ ਨੇ ਹੀ 1984 'ਚ ਸਿੱਖਾਂ ਦੀ ਨਸਲਕੁਸ਼ੀ ਦਾ ਮੁੱਢ ਬੰਨ੍ਹਿਆ। ਇਸੇ ਮੀਡੀਏ ਨੇ ਹਰ ਗੈਰ ਸਿੱਖ ਦੇ ਮਨ ਵਿਚ ਸਿੱਖਾਂ ਖਿਲਾਫ ਜ਼ਿਹਰ ਘੋਲ਼ਿਆ ਕਿ ਉਹ ਸਾਡੇ ਲਹੂ ਦੇ ਪਿਆਸੇ ਬਣ ਚੁੱਕੇ ਹਨ।

ਸਿੱਖਾਂ ਖਿਲਾਫ ਖੜ੍ਹੇ ਕੀਤੇ ਇਸ ਕੂੜ ਦੇ ਬਿਰਤਾਂਤ ਨੂੰ ਢਹਿ ਢੇਰੀ ਕਰਨ ਲਈ ਤੇ ਸਿੱਖਾਂ ਪੱਤਰਕਾਰੀ ਦੀ ਅਣਸਰਦੀ ਲੋੜ ਨੂੰ ਪੂਰਾ ਕਰਨ ਲਈ, ਗੁਰੂ ਪਾਤਸ਼ਾਹ ਦੀ ਅਸੀਮ ਬਖ਼ਿਸ਼ਸ਼ ਸਦਕਾ ਅਸੀਂ 'ਸਰਕਾਰ-ਏ-ਖ਼ਾਲਸਾ' ਨਾਂ ਦਾ ਚੈਨਲ ਸ਼ੁਰੂ ਕਰਨ ਜਾ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਸਰਬਸਾਂਝੀਵਾਲਤਾ ਵਾਲ਼ੇ ਸਿੱਖ ਰਾਜ ਤੋਂ ਪ੍ਰੇਰਿਤ ਹੋ ਕੇ ਤੇ ਸਿੱਖਾਂ ਦੇ ਪ੍ਰਭੁਸੱਤਾ ਮੁਲਕ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸਾਡੀ ਇਹ ਨਿਮਾਣੀ ਕੋਸ਼ਿਸ਼ ਹੈ। ਸਾਡੀ ਹਾਲਤ ਉਸ ਨਾਜ਼ੁਕ ਮੋੜ 'ਤੇ ਖੜ੍ਹ ਚੁੱਕੀ ਹੈ ਜਿੱਥੇ ਜਿੰਨੇ ਵੀ ਸਿੱਖ ਪੱਤਰਕਾਰਾਂ ਦੇ ਚੈਨਲ ਹੋਣ, ਓਨੇ ਹੀ ਘੱਟ ਹਨ।

'ਸਰਕਾਰ-ਏ-ਖ਼ਾਲਸਾ' ਚੈਨਲ 'ਤੇ ਅਸੀਂ ਗੱਲਬਾਤ ਤੇ ਸੁਚਾਰੂ ਸੰਵਾਦ ਦਾ ਮੁੱਢ ਬੰਨ੍ਹਣ ਦੀ ਕੋਸ਼ਿਸ਼ ਕਰਾਂਗੇ। ਪੰਥ-ਪੰਜਾਬ ਦੇ ਭਵਿੱਖ ਦੇ ਹਰ ਵਿਸ਼ੇ ਤੇ ਗੱਲ ਹੋਵੇਗੀ। ਸਾਨੂੰ ਆਸ ਹੈ ਕਿ ਸਾਨੂੰ ਤੁਹਾਡਾ ਸਾਥ ਤੇ ਪਿਆਰ ਜ਼ਰੂਰ ਮਿਲ਼ੇਗਾ। ਸਾਨੂੰ ਗੱਲਬਾਤ ਦੇ ਵਿਸ਼ਿਆਂ ਸੰਬੰਧੀ ਤੁਹਾਡੇ ਵਿਚਾਰਾਂ, ਸੁਝਾਵਾਂ ਅਤੇ ਟਿੱਪਣੀਆਂ ਦੀ ਉਡੀਕ ਵੀ ਰਹੇਗੀ।

- ਟੀਮ ਸਰਕਾਰ-ਏ-ਖ਼ਾਲਸਾ ਮੀਡੀਆ ਨੈਟਵਰਕ, ਸਰੀ ਕਨੇਡਾ

ਆਵਾਜ਼ਿ ਕੌਮ AWAZE QAUM International Newspaper & WEB TV

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਸਬ ਦਫ਼ਤਰ ਨਾਢਾ ਸਾਹਿਬ ਵੱਲੋਂ

# ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੇ 450 ਸਾਲਾ ਜੋਤੀ ਜੋਤ ਦਿਵਸ ਤੇ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਏ ਗਏ


















**ਯਮੁਨਾਨਗਰ, 23 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਸਬ ਦਫ਼ਤਰ ਨਾਢਾ ਸਾਹਿਬ ਵੱਲੋਂ ਧਰਮ ਪ੍ਰਚਾਰ ਦੀ ਲੜੀ ਤਹਿਤ ਪਿੰਡ ਫਰਕਪੁਰ ਜਗਾਧਰੀ ਵਰਕਸ਼ਾਪ ਯਮੁਨਾਨਗਰ ਵਿਖੇ ਮਿਤੀ 22 ਸਤੰਬਰ 2024 ਨੂੰ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਦੇ 450ਸਾਲਾ ਜੋਤੀ ਜੋਤ ਦਿਵਸ ਤੇ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਵਿੱਚ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਦਾਦੂ ਸਾਹਿਬ ਨੇ ਰਸਭਿੰਨਾ ਕੀਰਤਨ ਕੀਤਾ ਪ੍ਰਸਿੱਧ ਢਾਡੀ ਗਿ: ਲਖਵਿੰਦਰ ਸਿੰਘ ਪਾਰਸ ਨੇ ਢਾਡੀ ਵਾਰਾਂ ਗਾਈਆਂ ਤੇ ਸਿੰਘ ਸਾਹਿਬ ਗਿ: ਜਗਜੀਤ ਸਿੰਘ ਮੁੱਖ ਗ੍ਰੰਥੀ ਨਾਢਾ ਸਾਹਿਬ ਵੱਲੋਂ ਗੁਰਮਤਿ ਵਿਚਾਰ ਸਾਂਝੇ ਕੀਤੇ ਗਏ ਇਸ ਸਮੇਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸੁਦਰਸ਼ਨ ਸਿੰਘ ਅੰਬਾਲਾ,ਜਰਨਲ ਸਕੱਤਰ ਸੁਖਵਿੰਦਰ ਸਿੰਘ ਮੰਡੇਬਰ ਨੇ ਵੀ ਵਿਚਾਰ ਸਾਂਝੇ ਕੀਤੇ ਮੈਂਬਰ ਰਜਿੰਦਰ ਸਿੰਘ ਡੁਲਿਆਣਾ,ਸਰਬਜੀਤ ਸਿੰਘ ਜੰਮੂ ਸਕੱਤਰ ਧਰਮ ਪ੍ਰਚਾਰ,ਗਿ: ਮਨਜੀਤ ਸਿੰਘ ਗੜੀ ਮੁੱਖ ਗ੍ਰੰਥੀ ਗੁਰਦੁਆਰਾ ਥੜਾ ਸਾਹਿਬ ਪਾਤਸ਼ਾਹੀ ਨੌਵੀਂ ਝੀਵਰਹੇੜੀ,ਸਿਕੰਦਰ ਸਿੰਘ ਵਰਾਣਾ ਇੰਚਾਰਜ ਸਭ ਦਫਤਰ ਧਰਮ ਪ੍ਰਚਾਰ ਨਾਢਾ ਸਾਹਿਬ,ਇੰਚਾਰਜ ਗੁਰਭੇਜ ਸਿੰਘ ਕੁਰੂਕਸ਼ੇਤਰ,ਵਜਿੰਦਰ ਸਿੰਘ ਸਹਾਇਕ ਸੁਪਰਵਾਈਜ਼ਰ ਕੁਰੂਕਸ਼ੇਤਰ,ਲਖਵਿੰਦਰ ਸਿੰਘ ਬਸੰਤਪੁਰਾ,ਮਨਮੋਹਨ ਸਿੰਘ ਰਦੌਰ, ਪਰਮਜੀਤ ਸਿੰਘ ਬੱਬੂ,ਸਤਵਿੰਦਰ ਸਿੰਘ ਚਾਵਲਾ,ਕਮਲਦੀਪ ਸਿੰਘ ਮਲਹੋਤਰਾ ਵੀ ਹਾਜ਼ਰ ਸਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰਪਾਉ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਗੁਰਮਤਿ ਸਮਾਗਮ ਦੀਆਂ ਹਾਜ਼ਰੀਆਂ ਭਰੀਆਂ ਗੁਰੂ ਕਾ ਲੰਗਰ ਅਤੁੱਟ ਵਰਤਿਆ। ••

ਆਵਾਜ਼ਿ ਕੌਮ AWAZE QAUM International Newspaper & WEB TV

ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਅਤੇ ਸਾਥੀਆਂ ਨੇ

# ਗੁਰਦੁਆਰਾ ਮਾਣਕ ਟਬਰਾ ਸਾਹਿਬ ਪਾਤਸ਼ਾਹੀ ਦਸਵੀਂ ਪੰਚਕੂਲਾਂ ਦੇ ਦਰਸ਼ਨ ਦੀਦਾਰੇ ਕੀਤੇ








ਗੁਰਦੁਆਰਾ ਮਾਣਕ ਟਬਰਾ ਸਾਹਿਬ ਪਾਤਸ਼ਾਹੀ ਦਸਵੀਂ ਪੰਚਕੂਲਾਂ ਦੇ ਦਰਸ਼ਨ ਦੀਦਾਰੇ ਕਰਦੇ ਅਤੇ ਪ੍ਰਬੰਧ ਵੇਖਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਥੀਆਂ ਦੇ ਨਾਲ।



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ

# ਧਰਮ ਪ੍ਰਚਾਰ ਦਾ ਤੀਜਾ ਸਭ ਦਫਤਰ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਜੀਂਦ ਵਿਖੇ ਖੋਲਿਆ ਗਿਆ



















ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਦਾ ਤੀਜਾ ਸਭ ਦਫਤਰ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਜੀਂਦ ਵਿਖੇ ਖੋਲਿਆ ਗਿਆ ਇਸ ਸਮੇਂ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਦਾਦੂ ਸਾਹਿਬ,ਭਾਈ ਜਰਨੈਲ ਸਿੰਘ ਸੱਜਣ ਕਵੀਸ਼ਰੀ ਜੱਥਾ ਧਰਮ ਪ੍ਰਚਾਰ ਹਰਿਆਣਾ ਕਮੇਟੀ ਨੇ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ ਨਾਲ ਜੋੜਿਆ ਹਰਿਆਣਾ ਕਮੇਟੀ ਦੇ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ,ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ,ਸੁਖਵਿੰਦਰ ਸਿੰਘ ਮੰਡੇਬਰ ਜਨਰਲ ਸਕੱਤਰ,ਗੁਲਾਬ ਸਿੰਘ ਮੂਨਕ ਮੀਤ ਸਕੱਤਰ,ਬੀਬੀ ਪਰਮਿੰਦਰ ਕੌਰ ਜੀਂਦ ਅੰਤ੍ਰਿੰਗ ਮੈਂਬਰ,ਪਰਮਜੀਤ ਸਿੰਘ ਕੁਰੂਕਸ਼ੇਤਰ ਅੰਤ੍ਰਿੰਗ ਮੈਂਬਰ,ਸਤਿੰਦਰ ਸਿੰਘ ਮੰਟਾ ਰਸੀਦਾਂ ਮੈਂਬਰ,ਅਜੈਬ ਸਿੰਘ ਨਿੰਮਣਾਬਾਦ ਮੈਂਬਰ,ਗੁਰਜਿੰਦਰ ਸਿੰਘ ਜੀਂਦ,ਕੰਵਲਜੀਤ ਸਿੰਘ ਅਜਰਾਨਾ ਸਪੋਕਸਮੈਨ,ਸਰਬਜੀਤ ਸਿੰਘ ਜੰਮੂ ਸਕੱਤਰ ਧਰਮ ਪ੍ਰਚਾਰ,ਗਿ:ਗੁਰਵਿੰਦਰ ਸਿੰਘ ਰੱਤਕ ਮੁੱਖ ਗ੍ਰੰਥੀ,ਰਣਜੀਤ ਸਿੰਘ ਮੈਨੇਜਰ ਧਮਤਾਨ ਸਾਹਿਬ,ਗੁਰਵਿੰਦਰ ਸਿੰਘ ਮੈਨੇਜਰ ਮੰਜੀ ਸਾਹਿਬ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਭਾਈ ਰਜਿੰਦਰ ਸਿੰਘ ਬੱਬਰ ਦੀ ਦੇ ਮਾਤਾ ਜੀ ਦੀ ਯਾਦ ਵਿੱਚ

# ਕੋਲਨ ਜਰਮਨੀ ਵਿੱਚ ਹੋਏ ਸ਼ਰਧਾਂਜਲੀ ਸਮਾਗਮ




**ਜਰਮਨੀ, 23 ਸਤੰਬਰ (ਸਰਬਜੀਤ ਸਿੰਘ ਬਨੂੜ)**-ਤੀਹ ਸਾਲਾਂ ਤੋਂ ਜਰਮਨੀ ਵਿੱਚ ਜਲਾਵਤਨੀ ਦਾ ਜੀਵਨ ਬਸਰ ਕਰ ਰਹੇ ਭਾਈ ਰਜਿੰਦਰ ਸਿੰਘ ਬੱਬਰ ਜੀ ਦੇ ਮਾਤਾ ਬੀਬੀ ਗੁਰਦਿਆਲ ਕੌਰ ਜੀ, ਸੁਪਤਨੀ ਸਵਰਗਵਾਸੀ ਮਾਸਟਰ ਮੇਵਾ ਸਿੰਘ ਜੀ, ਜੋ ਕਿ ਪਿਛਲੇ ਦਿਨੀਂ ਪੰਜਾਬ ਦੇ ਜ਼ਿਲ੍ਹਾ ਰੋਪੜ ਦੇ ਪਿੰਡ ਚਤਾਮਲੀ ਵਿੱਚ ਆਪਣੇ ਗ੍ਰਹਿ ਵਿਖੇ ਅਕਾਲ ਪੁਰਖ ਵਾਹਿਗੁਰੂ ਜੀ ਵੱਲੋਂ ਬਖਸ਼ੇ ਸੁਵਾਸਾ ਦੀ ਪੂਜੀ ਨੂੰ ਭੋਗਦੇ ਹੋਏ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਉਹਨਾਂ ਦੀ ਯਾਦ ਵਿੱਚ ਭਾਈ ਰਜਿੰਦਰ ਸਿੰਘ ਬੱਬਰ ਵੱਲੋਂ ਗੁਰਦੁਆਰਾ ਸ੍ਰੀ ਦਸ਼ਮੇਸ਼ ਸਿੰਘ ਸਭਾ ਕੋਲਨ ਜਰਮਨੀ ਵਿਖੇ ਰਖਵਾਏ ਸ੍ਰੀ ਸਹਿਜ ਪਾਠ ਜੀ ਦੇ ਭੋਗ 22 ਸਤੰਬਰ 2024 ਦਿਨ ਐਤਵਾਰ ਨੂੰ ਪਾਏ ਗਏ। ਉਪਰੰਤ ਰੱਬੀ ਇਲਾਹੀ ਬਾਣੀ ਦੇ ਕੀਰਤਨ ਹੋਏ ਜਿਸ ਵਿੱਚ ਗੁਰੂ ਘਰ ਦੇ ਬੱਚਿਆਂ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ, ਉਪਰੰਤ ਭਾਈ ਗੁਰਪਰੀਤ ਸਿੰਘ ਅਤੇ ਭਾਈ ਸੁਰਿੰਦਰ ਸਿੰਘ ਜੀ ਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਜਗਜੀਤ ਸਿੰਘ ਜੀ ਨੇ ਸ਼ਬਦ ਕੀਰਤਨ ਉਪਰੰਤ ਗੁਰਬਾਣੀ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਤੇ ਮਾਤਾ ਗੁਰਦਿਆਲ ਕੌਰ ਜੀ ਦੇ ਪਰਿਵਾਰ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਕਿਹਾ ਕਿ ਜਿੱਥੇ ਸ਼ਹੀਦ ਭਾਈ ਬਲਦੇਵ ਸਿੰਘ ਹਵਾਰਾ ਜੀ ਦੀ ਮਹਾਨ ਕੁਰਬਾਨੀ ਤੇ ਹਮੇਸ਼ਾਂ ਮਾਣ ਰਹੇਗਾ ਉਥੇ ਭਾਈ ਬਲਦੇਵ ਸਿੰਘ ਹਵਾਰਾ ਦੇ ਰੂਪੋਸ਼ ਜੀਵਨ ਸਮੇਂ ਵਿੱਚ ਪਰਿਵਾਰ ਨੂੰ ਭਾਰੀ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ। ਉਪਰੰਤ ਬੱਬਰ ਖਾਲਸਾ ਜਰਮਨੀ ਦੇ ਮੁੱਖੀ ਜਥੇਦਾਰ ਰੇਸ਼ਮ ਸਿੰਘ ਬੱਬਰ ਨੇ ਮਾਤਾ ਜੀ ਸ਼ਰਧਾਂਜਲੀਆਂ ਭੇਟ ਕਰਦਿਆਂ ਪਰਿਵਾਰ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਕਿਹਾ ਕਿ ਅੱਜ ਤੋਂ ਤੀਹ ਸਾਲ ਪਹਿਲਾਂ ਭਾਈ ਜਗਤਾਰ ਸਿੰਘ ਹਵਾਰਾ ਨੇ ਟੈਲੀਫੋਨ ਕਰਕੇ ਕਿਹਾ ਕਿ ਸਾਡਾ ਸਿੰਘ ਆ ਰਿਹਾ ਹੈ ਉਸ ਨੂੰ ਮਿਲਣਾ ਤੇ ਭਾਈ ਰਜਿੰਦਰ ਸਿੰਘ ਸਾਡੇ ਕੋਲ ਆਇਆ ਅੱਜ ਤੀਹ ਸਾਲਾਂ ਤੋਂ ਵੀ ਵੱਧ ਸਮਾਂ ਹੋ ਗਿਆ ਸਾਡੇ ਨਾਲ ਪੰਥ ਕੌਮ ਦੀ ਸੇਵਾ ਵਿੱਚ ਨਿਰੰਤਰ ਡਟੇ ਹੋਏ ਹਨ। ਅੱਜ ਜਦੋਂ ਮਾਤਾ ਜੀ ਹਮੇਸ਼ਾਂ ਲਈ ਵਿਛੜੇ ਗਏ ਹਨ ਵੀਰ ਰਜਿੰਦਰ ਸਿੰਘ ਬੱਬਰ ਆਪਣੀ ਕੌਮ ਦੀ ਸੇਵਾ ਵਿੱਚ ਜੂਝਦੇ ਹੋਣ ਕਾਰਨ ਮਾਂ ਦੇ ਅੰਤਿਮ ਦਰਸ਼ਨਾਂ ਤੇ ਸੰਸਕਾਰ ਤੋਂ ਵੀ ਵਾਂਝੇ ਰਹੇ। ਉਹਨਾਂ ਕਿਹਾ ਕੌਮ ਲਈ ਜੂਝਣ ਵਾਲਿਆਂ ਸੂਰਬੀਰਾਂ ਨੂੰ ਹਮੇਸ਼ਾ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਅਤੇ ਜਲਾਵਤਨੀਆਂ ਹੀ ਹਿੱਸੇ ਆਈਆਂ ਹਨ । ਇਸ ਮੌਕੇ ਸਿੱਖ ਫੇਡਰੇਸ਼ਨ ਜਰਮਨੀ ਦੇ ਪ੍ਰਧਾਨ ਭਾਈ ਗੁਰਮੀਤ ਸਿੰਘ ਖਨਿਆਣ ਨੇ ਮਾਤਾ ਗੁਰਦਿਆਲ ਕੌਰ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸ਼ਹੀਦ ਭਾਈ ਬਲਦੇਵ ਸਿੰਘ ਜੀ ਹਵਾਰਾ ਦੇ ਰੂਪੋਸ਼ ਜੀਵਨ ਦੌਰਾਨ ਭਾਈ ਰਾਜਿੰਦਰ ਸਿੰਘ ਅਤੇ ਪ੍ਰੀਵਾਰ ਨੇ ਅਣਮਨੁੱਖੀ ਤਸ਼ੱਦਦ ਦਾ ਸਾਹਮਣਾ ਕੀਤਾ ਅਤੇ ਮਾਤਾ ਨੇ ਵੀ ਉਸ ਸਾਰੀ ਪੀੜਾ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ। ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਜਰਮਨੀ ਦੇ ਆਗੂ ਭਾਈ ਸੁਖਵਿੰਦਰ ਸਿੰਘ ਵੱਲੋਂ ਵੀ ਮਾਤਾ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀ ਤੇ ਭਾਈ ਰਜਿੰਦਰ ਸਿੰਘ ਬੱਬਰ ਵੱਲੋਂ ਪਿਛਲੇ ਤੀਹ ਸਾਲਾਂ ਤੋਂ ਜਰਮਨੀ ਵਿੱਚ ਰਹਿੰਦੇ ਹੋਏ ਆਪਣੇ ਕੌਮੀ ਘਰ ਲਈ ਪਾਏ ਯੋਗਦਾਨ ਨੂੰ ਯਾਦ ਕੀਤਾ। ਇਸ ਮੌਕੇ ਬੱਬਰ ਖਾਲਸਾ ਦੇ ਸਾਬਕਾ ਮੁਖੀ ਜਥੇਦਾਰ ਸਤਨਾਮ ਸਿੰਘ ਬੱਬਰ, ਗੁਰੂ ਘਰ ਦੇ ਸਾਬਕਾ ਪ੍ਰਧਾਨ ਭਾਈ ਸਰਦੂਲ ਸਿੰਘ ਸੇਖੋਂ, ਭਾਈ ਅਵਤਾਰ ਸਿੰਘ ਬੱਬਰ ਫਰੰਕਫੋਰਟ, ਭਾਈ ਹਰਜੋਤ ਸਿੰਘ ਬੱਬਰ, ਭਾਈ ਅਮਰਜੀਤ ਸਿੰਘ, ਭਾਈ ਬਲਜਿੰਦਰ ਸਿੰਘ,ਭਾਈ ਜਸਵੰਤ ਸਿੰਘ, ਭਾਈ ਪ੍ਰਤਾਪ ਸਿੰਘ,ਭਾਈ ਜਤਿੰਦਰਵੀਰ ਸਿੰਘ, ਭਾਈ ਰਾਮਪਾਲ ਸਿੰਘ,ਭਾਈ ਬਹਾਦਰ ਸਿੰਘ ਅਤੇ ਮਨਜੀਤ ਸਿੰਘ ਬੁਰਸ਼ਬਰਗ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਅੰਤ ਵਿੱਚ ਭਾਈ ਰਜਿੰਦਰ ਸਿੰਘ ਬੱਬਰ ਵੱਲੋਂ ਕੀਤੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਪੰਥਕ ਆਗੂਆਂ ਵੱਲੋਂ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ।

ਪੀ.ਐਚ.ਐਫ. ਲੀਜ਼ਿੰਗ ਲੋਕਾਂ ਨੂੰ

# ਮੁਹਇਆ ਕਰਵਾਏਗਾ ਬੈਟਰੀ ਵਾਲੇ ਵਹੀਕਲ

**ਫ਼ਿਰੋਜ਼ਪੁਰ, 23 ਸਤੰਬਰ (ਮਨੋਹਰ ਲਾਲ)** :— ਪੀ.ਐਚ.ਐਫ ਲੀਜ਼ਿੰਗ ਲਿਮਟਡ ਜ਼ੋ ਕਿ ਮੈਟਰੋਪੋਲਿਟਨ ਸਟੌਕ ਐਕਸਚੇਂਜ ਤੇ ਸੂਜੀਬੱਧ ਹੈ ਅਤੇ ਜਲੰਧਰ ਪੰਜਾਬ ਵਿਚ ਸਥਿਤ ਇਕ ਐਨ.ਬੀ.ਐਫ.ਸੀ ਹੈ, ਨੇ ਮੱਧ ਪ੍ਰਦੇਸ਼ ਵਿਚ ਆਪਣੀ ਪਹਿਚਾਣ ਨੂੰ ਸਥਾਪਿਤ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਸੰਚਾਲਕਾਂ ਨੇ ਦੱਸਿਆ ਕਿ ਪੀ.ਐਚ.ਐਫ ਆਪਣੇ ਤੇਜ਼ੀ ਨਾਲ ਵੱਧ ਰਹੇ ਵਰਟੀਕਲ ਦੇ ਪੂਰੇ ਪੋਰਟਫੋਲਿਓ ਦੀ ਪੇਸਕਸ਼ ਕਰੇਗਾ, ਜਿਸ ਵਿਚ ਇਲੈਕਟ੍ਰਿਕ ਰਿਕਸ਼ਾਵਾ, ਇਲੈਕਟ੍ਰਿਕ ਲੋਡਰਾਂ ਅਤੇ ਇਲੈਕਟ੍ਰਿਕ 2 ਵਹੀਲਰਾਂ ਲਈ ਈ.ਵੀ ਕਰਜ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਹ ਪੀ.ਐਚ.ਐਫ ਲੀਜ਼ਿੰਗ ਇਕ ਮਹੱਤਵਪੂਰਨ ਵਿਸਤਾਰ ਦੀ ਕੋਸ਼ਿਸ਼ ਹੈ ਅਤੇ ਮੱਧ ਪ੍ਰਦੇਸ਼ ਦੇ ਕਈ ਸ਼ਹਿਰਾਂ ਅਤੇ ਕਸਬਿਆਂ ਵਿਚ ਉਪਸਥਿਤੀ ਨੂੰ ਸ਼ਾਮਲ ਕਰਦੀ ਹੈ, ਜਿਨ੍ਹਾਂ ਵਿਚ ਭੋਪਾਲ, ਛਤਰਪੁਰ, ਗਵਾਲੀਅਰ, ਇੰਦੌਰ, ਜਬਲਪੁਰ, ਕਟਨੀ, ਰੀਵਾ, ਸਾਗਰ, ਸਤਨਾ, ਸ਼ਿਵਪੁਰੀ, ਸਿੱਧੀ, ਜਾਵਾ, ਰਾਇਸਨ, ਗੁਨਾ, ਅਸ਼ੋਕ ਨਗਰ, ਵਿਦਿਸ਼ਾ, ਕਰੇਰਾ, ਦਾਬਰਾ, ਦੇਵਾਸ, ਉਜੈਨ, ਬੀਨਾ, ਗੰਜ ਬਸੋਦਾ, ਪਿਪਰੀਆ, ਹੋਸ਼ੰਗਾਬਾਦ ਅਤੇ ਚਿੱਤਰਕੂਟ ਸ਼ਾਮਲ ਹਨ। ਇਸ ਵਿਚਾਰ ਦਾ ਮਕਸਦ ਹੈ ਕਿ ਰਾਜ ਦੇ ਹਰ ਛੋਟੇ ਤੋਂ ਛੋਟੇ ਹਿੱਸੇ ਵਿਚ ਪਹੁੰਚ ਕੀਤੀ ਜਾਵੇ ਅਤੇ ਘੱਟ ਸਰਵਿਸ ਪ੍ਰਾਪਤ ਕਰਨ ਵਾਲੇ ਇਲਾਕਿਆਂ ਨੂੰ ਉਚਿਤ ਮਾਲੀ ਉਤਪਾਦਾਂ ਦੀ ਉਪਲਬਧਤਾ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਪੀ.ਐਚ.ਐਫ ਲੀਜ਼ਿੰਗ 1998 ਤੋਂ ਭਾਰਤੀ ਰਿਜ਼ਰਵ ਬੈਂਕ ਨਾਲ ਰਜਿਸਟਰਡ ਇਕ ਗੈਰ ਬੈਕਿੰਗ ਵਿੱਤੀ ਕੰਪਨੀ ਹੈ। ਕੰਪਨੀ ਅਚੱਲ ਜਾਇਦਾਦ ਅਤੇ ਮੁੱਖ ਤੌਰ ਤੇ ਈ ਰਿਕਸ਼ਾ, ਈ ਲੋਡਰ ਅਤੇ ਈ.ਵੀ 2 ਪਹੀਆ ਵਾਹਨਾਂ ਲਈ ਵਿੱਤੀ ਸਹਾਇਤਾ ਲਈ ਗਿਰਵੀ ਕਰਜ਼ੇ ਦੀ ਪੇਸ਼ਕਾਰ ਕਰਦੀ ਹੈ। ਪੀ.ਐਚ.ਐਫ ਲੀਜ਼ਿੰਗ ਵੱਖ—ਵੱਖ ਖੇਤਰਾਂ ਵਿਚ ਇਲੈਕਟ੍ਰਿਕ ਵਾਹਨਾਂ ਨੂੰ ਅਪਣਾਉਣ ਲਈ ਸਮਰਪਿਤ ਹੈ, ਜਿਸ ਵਿਚ ਲੌਜਿਸਟਿਕਸ, ਆਖਰੀ—ਮਾਈਲ ਡਿਲੀਵਰੀ ਅਤੇ ਗਰਾਮੀਣ ਅਤੇ ਸ਼ਹਿਰੀ ਆਵਾਜ਼ਾਈ ਸ਼ਾਮਲ ਹੈ।

ਸ੍ਰੀ ਸ਼ੈਲਿਆ ਗੁਪਤਾ, ਪੀ.ਐਚ.ਐਫ ਲੀਜ਼ਿੰਗ ਲਿਮਟਡ ਦੇ ਸੀ.ਈ.ਓ ਨੇ ਕਿਹਾ ਕਿ ਅਸੀਂ ਐਮ.ਪੀ ਬਾਜ਼ਾਰ ਦਾ ਅਧਿਐਨ ਕੀਤਾ ਅਤੇ 2—3 ਸ਼ਹਿਰਾਂ ਵਿਚ ਹੀ ਸੇਵਾਵਾਂ ਪੇਸ਼ ਕਰਨ ਦੇ ਬਜਾਏ ਰਾਜ ਦੇ ਅੰਦਰ ਡੂੰਘਾਈ ਨਾਲ ਜਾਣ ਦਾ ਫੈਸਲਾ ਕੀਤਾ, ਸਾਡਾ ਉਤਪਾਦ ਪੋਰਟਫੋਲਿਓ ਸਮਾਜ ਦੇ ਘੱਟ ਸਰਵਿਸ ਪ੍ਰਾਪਤ ਹਿੱਸਿਆਂ ਨੂੰ ਕਰਜਾ ਦੇਣ ਤੇ ਧਿਆਨ ਕੇਂਦਰਿਤ ਕਰਦਾ ਹੈ ਤਾਂ ਜ਼ੋ ਉਹ ਖੁਦਮੁਖਤਾਰ ਹੋ ਸਕਣ। ਐਮ.ਪੀ ਵਿਚ ਅਸੀਂ ਪਹਿਲਾਂ ਆਪਣੇ ਪੂਰੇ ਈ.ਵੀ. ਕਰਜ ਪੋਰਟਫੋਲਿਓ ਦੀ ਪੇਸ਼ਕਸ਼ ਕਰਾਂਗੇ ਅਤੇ ਫਿਰ ਹੋਰ ਉਤਪਾਦ ਲਾਂਚ ਕਰਾਂਗੇ। ਉਨ੍ਹਾਂ ਕਿਹਾ ਕਿ ਇਲੈਕਟ੍ਰਿਕ ਮੋਬਿਲਿਟੀ ਪ੍ਰੋਮਸ਼ਨ ਸਕੀਮ ਅਤੇ ਐਮਪੀ ਸਰਕਾਰ ਦਾ ਈ.ਵੀ ਉਤੇ ਧਿਆਨ ਦੇਣ ਨਾਲ ਅਸੀਂ ਪੱਕਾ ਵਿਸ਼ਵਾਸ਼ ਕਰਦੇ ਹਾਂ ਕਿ ਇਲੈਕਟ੍ਰਿਕ ਦੋ ਪਹੀਆ ਅਤੇ ਤਿੰਨ ਪਹੀਆ ਦੀ ਅਪਣਾਉਣ ਦੀ ਗਤੀ ਤੇਜ਼ ਹੋਵੇਗੀ ਅਤੇ ਗੁਣਵੱਤਾ, ਪਾਰਦਰਸ਼ਤਾ ਅਤੇ ਲਚਕੀਲੇ ਫਾਈਨੈਂਸਿੰਗ ਵਿਕਲਪਾਂ ਦੀ ਲੋੜ ਪਏਗੀ। ਹਿਸ ਸਥਿਤੀ ਵਿਚ ਪੀ.ਐਚ.ਐਫ ਉਮੀਦ ਕਰਦਾ ਹੈ ਕਿ ਅਗਲੇ 6 ਤੋਂ 12 ਮਹੀਨਿਆਂ ਵਿਚ ਰਾਜ ਵਿਚ ਈ.ਵੀ ਕਰਜ ਕਾਰੋਬਾਰ ਵਿਚ ਮੋਹਰੀ ਹੋਣ ਦੀ ਉਮੀਦ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਜ਼ਿਲ੍ਹਾ ਪੱਧਰੀ ਰੈਡ ਰਿਬਨ ਕੁਇੰਜ ਮੁਕਾਬਲੇ ਕਰਵਾਏ



**ਫ਼ਿਰੋਜ਼ਪੁਰ, 23 ਸਤੰਬਰ (ਮਨੋਹਰ ਲਾਲ)** :— ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਦੁਆਰਾ ਨਿਰਧਾਰਿਤ ਪ੍ਰੋਗਰਾਮਾਂ ਤਹਿਤ ਜ਼ਿਲਾ ਪੱਧਰੀ ਰੈਂਡ ਰਿਬਨ ਕੁਇੱਜ਼ ਮੁਕਾਬਲੇ (ਕਿਸ਼ੋਰ ਸਿੱਖਿਆ ਪ੍ਰੋਗਰਾਮ ਅਧੀਨ) ਜ਼ਿਲਾ ਸਿੱਖਿਆ ਅਫਸਰ (ਸੈ.ਸਿ) ਫ਼ਿਰੋਜ਼ਪੁਰ ਮੁਨਿਲਾ ਅਰੋੜਾ ਅਤੇ ਉੱਪ ਜ਼ਿਲਾ ਸਿੱਖਿਆ ਅ਼ਫਸਰ (ਸੈ.ਸਿ.) ਡਾ: ਸਤਿੰਦਰ ਸਿੰਘ ਦੇ ਦਿਸ਼ਾ—ਨਿਰਦੇਸ਼ਾਂ ਅਤੇ ਜ਼ਿਲਾ ਕੋ—ਆਰਡੀਨੇਟਰ ਏ.ਈ.ਪੀ. ਉਮੇਸ਼ ਕੁਮਾਰ ਅਤੇ ਜ਼ਿਲਾ ਰਿਸੋਰਸ ਕੋ—ਆਰਡੀਨੇਟਰ ਸੁਮਿਤ ਗਲਹੋਤਰਾ ਦੀ ਯੋਗ ਅਗਵਾਈ ਹੇਠ ਅੱਜ ਪ੍ਰਿੰਸੀਪਲ ਰਾਜੇਸ਼ ਮਹਿਤਾ ਦੀ ਦੇਖ—ਰੇਖ ਵਿੱਚ ਸਕੂਲ ਆਫ ਐਮੀਨੈਂਸ ਵਿਖੇ ਕਰਵਾਏ ਗਏ। ਇਸ ਮੌਕੇ ਜ਼ਿਲਾ ਪੱਧਰ ਤੇ ਨੋਡਲ ਇੰਨਚਾਰਜ ਦੀ ਭੂਮਿਕਾ ਕਮਲ ਸ਼ਰਮਾ, ਲੈਕਚਰਾਰ ਦਵਿੰਦਰ ਨਾਥ ਅਤੇ ਸਾਇੰਸ ਮਿਸਟ੍ਰੈਸ ਸੁਖਪ੍ਰੀਤ ਕੌਰ ਦੁਆਰਾ ਬਾਖੂਬੀ ਨਿਭਾਈ ਗਈ। ਇਸ ਮੁਕਾਬਲੇ ਵਿਚ ਜ਼ਿਲਾ ਪੱਧਰ ਤੇ 56 ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ, ਜਿਨ੍ਹਾਂ ਦੀ ਚੋਣ ਸਕੂਲ ਪੱਧਰੀ ਮੁਕਾਬਲੇ ਰਾਹੀਂ ਕੀਤੀ ਗਈ ਸੀ। ਇਸ ਮੁਕਾਬਲੇ ਦਾ ਮੁੱਖ ਮੰਤਵ ਕਿਸ਼ੋਰ ਉਮਰ ਦੇ ਵਿਦਿਆਰਥੀਆਂ ਨੂੰ ਐੱਚ.ਆਈ.ਵੀ/ਏਡਜ਼ ਅਤੇ ਐੱਸ.ਟੀ.ਆਈ.ਆਰ.ਟੀ.ਆਈ. ਸਬੰਧੀ ਜਾਗਰੂਕਤਾ ਪੈਦਾ ਕਰਨਾ ਹੈ ਅਤੇ ਸਕਰਬਿੰਗ ਟੈਸਟ ਤੋ ਬਾਅਦ ਮੁੱਖ ਕੁਇਜ ਮੁਕਾਬਲੇ 10 ਟੀਮਾਂ ਵਿੱਚਕਾਰ ਕਰਵਾਏ ਗਏ। ਇਸ ਮੁਕਾਬਲੇ ਵਿਚ ਪਹਿਲੀ ਪੁਜ਼ੀਸ਼ਨ ਸ.ਸ.ਸ.ਸ ਕੰਨਿਆ ਦੇ ਵਿਦਿਆਰਥੀਆਂ ਦੀ ਟੀਮ, ਦੂਜੀ ਪੁਜ਼ੀਸ਼ਨ ਸ.ਸ.ਸ. ਗੱਟੀ ਰਾਜੋ ਕੇ ਦੇ ਵਿਦਿਆਰਥੀਆਂ ਦੀ ਟੀਮ ਅਤੇ ਤੀਜੀ ਪੁਜ਼ੀਸ਼ਨ ਸ.ਸ.ਸ.ਸ ਕਰੀਆ ਪਹਿਲਵਾਨ ਦੇ ਵਿਦਿਆਰਥੀਆਂ ਦੀ ਟੀਮ ਨੇ ਪ੍ਰਾਪਤ ਕੀਤੀ। ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਜ਼ਿਲਾ ਸਿੱਖਿਆ ਅਫਸਰ ਮੁਨਿਲਾ ਅਰੋੜਾ ਅਤੇ ਪ੍ਰਿੰਸੀਪਲ ਰਾਜੇਸ਼ ਮਹਿਤਾ ਨੇ ਸਾਰੇ ਵਿਦਿਆਰਥੀਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਅਤੇ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਜੇਤੂ ਟਰਾਫੀਆਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਵੀ ਕੀਤਾ ਗਿਆ।

# ਅਹਿਮ ਮੰਗਾਂ ਨੂੰ ਲੈ ਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਡੀਸੀ ਦਫਤਰ ਅੰਮ੍ਰਿਤਸਰ ਲੱਗਣ ਜਾ ਰਹੇ ਮੋਰਚੇ ਦੀਆਂ ਤਿਆਰੀਆਂ ਮੁਕੰਮਲ, 24 ਸਤੰਬਰ ਨੂੰ ਨਾ ਹੋਇਆ ਹੱਲ ਤਾਂ 25 ਨੂੰ ਰੇਲ ਰੋਕੋ ਮੋਰਚਾ

**ਚੰਡੀਗੜ੍ਹ, 23 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਕੀਤੇ ਗਏ ਐਲਾਨ ਮੁਤਾਬਕ 24 ਸਤੰਬਰ ਨੂੰ ਡੀਸੀ ਦਫਤਰ ਅੰਮ੍ਰਿਤਸਰ ਵਿਖੇ ਮੋਰਚੇ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਸ ਮੌਕੇ ਜਥੇਬੰਦੀ ਦੇ ਸੂਬਾ ਆਗੂ ਸਰਵਨ ਸਿੰਘ ਪੰਧੇਰ ਅਤੇ ਜਿਲਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਨੇ ਦੱਸਿਆ ਕਿ ਦਿੱਲੀ ਅੰਦੋਲਨ 1 ਅਤੇ ਇਸ ਵਕਤ ਜਾਰੀ ਦਿੱਲੀ ਅੰਦੋਲਨ 2 ਦੌਰਾਨ ਸ਼ਹੀਦ ਹੋਏ ਕਿਸਾਨਾਂ ਅਤੇ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀ ਅਤੇ ਪੰਜ ਲੱਖ ਰੁਪਏ ਮੁਆਵਜ਼ੇ ਦਾ ਵਾਅਦਾ ਪੂਰਾ ਕਰਵਾਉਣ, ਸ਼ੰਭੂ ਬਾਰਡਰ ਤੋਂ ਵਾਪਸ ਪਰਤਦੇ ਸਮੇਂ ਕਿਸਾਨਾਂ ਮਜ਼ਦੂਰਾਂ ਨਾਲ ਭਰੀ ਬੱਸ ਦੇ ਹਾਦਸਾਗ੍ਰਸਤ ਹੋਣ ਕਾਰਨ ਜਖਮੀ ਹੋਏ ਕਿਸਾਨਾਂ ਮਜ਼ਦੂਰਾਂ ਨੂੰ ਮੁਆਵਜਾ ਦਿਵਾਉਣ , ਭਾਰਤ ਮਾਲਾ ਪ੍ਰੋਜੈਕਟ ਤਹਿਤ ਬਣ ਰਹੀਆਂ ਸੜਕਾਂ ਲਈ ਬਿਨਾਂ ਪੈਸੇ ਦਿੱਤੇ ਲਏ ਜਾ ਰਹੇ ਕਬਜ਼ਿਆਂ ਨੂੰ ਰੋਕਣ, ਪਰਾਲੀ ਸਾੜਨ ਤੇ ਪਰਚੇ ਅਤੇ ਰੈੱਡ ਇੰਟਰੀ ਦੀ ਜਗ੍ਹਾ ਝੋਨੇ ਦੀ ਰਹਿੰਦ ਖੂਹੰਦ ਦੇ ਹੱਲ ਲਈ ਠੋਸ ਕਦਮ ਚੱਕਣ, ਸੰਪੂਰਨ ਨਸ਼ਾਬੰਦੀ ਲਾਗੂ ਕਰਨ, ਅਵਾਰਾ ਪਸ਼ੂਆਂ ਦੀ ਸਮੱਸਿਆ ਦੇ ਹੱਲ ਸਮੇਤ ਹੋਰ ਅਹਿਮ ਮੰਗਾਂ ਨੂੰ ਹੱਲ ਕਰਵਾਉਣ ਲਈ ਲਗਾਏ ਜਾਣ ਵਾਲੇ ਧਰਨੇ ਪਿੰਡ ਪੱਧਰ ਤੇ ਮੀਟਿੰਗਾਂ ਕਰਕੇ ਲੋਕਾਂ ਦੀ ਲਾਮਬੰਦੀ ਕੀਤੀ ਗਈ ਹੈ। ਉਹਨਾਂ ਕਿਹਾ ਕਿ ਇਹਨਾਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਲੋਕਾਂ ਵਿੱਚ ਭਾਰੀ ਰੋਸ ਅਤੇ ਉਤਸਾਹ ਹੈ। ਉਹਨਾਂ ਕਿਹਾ ਕਿ ਸਾਡਾ ਧਰਨਾ ਪੂਰਨ ਰੂਪ ਵਿੱਚ ਸ਼ਾਂਤਮਈ ਅਤੇ ਹੱਕੀ ਮੰਗਾਂ ਨੂੰ ਲਾਗੂ ਕਰਵਾਉਣ ਲਈ ਹੈ। ਉਨਾ ਚੇਤਾਵਨੀ ਦਿੱਤੀ ਕਿ ਅਗਰ ਪ੍ਰਸ਼ਾਸਨ 24 ਤਰੀਕ ਦੇ ਧਰਨੇ ਤੋਂ ਬਾਅਦ ਵੀ ਇਹਨਾਂ ਮੰਗਾਂ ਤੇ ਕੰਮ ਨਹੀਂ ਕਰਦਾ ਤਾਂ 25 ਸਤੰਬਰ ਨੂੰ ਦੇਵੀਦਾਸਪੁਰਾ ਰੇਲ ਫਾਟਕ ਤੇ ਰੇਲ ਰੋਕੋ ਮੋਰਚਾ ਲਗਾਇਆ ਜਾਵੇਗਾ। ਉਹਨਾਂ ਕਿਹਾ ਕਿ ਅਸੀਂ ਲੋਕਾਂ ਦੀ ਪਰੇਸ਼ਾਨੀ ਦਾ ਸਬੱਬ ਨਹੀਂ ਬਣਨਾ ਚਾਹੁੰਦੇ ਪਰ ਸਾਲਾਂਬੱਧੀ ਲਟਕ ਰਹੀਆਂ ਮੰਗਾਂ ਨੂੰ ਪੂਰਾ ਕਰਵਾਉਣ ਲਈ ਅਸੀਂ ਇਹ ਐਕਸ਼ਨ ਕਰਨ ਲਈ ਮਜਬੂਰ ਹੋਵਾਂਗੇ, ਅਸੀਂ ਪ੍ਰਸ਼ਾਸਨ ਨੂੰ ਅਗਾਹੂ ਚੇਤਾਵਨੀ ਵੀ ਦੇ ਚੁੱਕੇ ਹਾਂ, ਸੋ ਪ੍ਰਸ਼ਾਸਨ ਜਲਦ ਤੋਂ ਜਲਦ ਇਹਨਾਂ ਮੰਗਾਂ ਤੇ ਕਾਰਵਾਈ ਕਰਦੇ ਹੋਏ ਮਸਲਿਆਂ ਦਾ ਹੱਲ ਕਰੇ।

# ਸਵਰਗਵਾਸੀ ਹਰਪਾਲ ਸਿੰਘ ਭੁੱਲਰ ਦੇ ਅਕਾਲ ਚਲਾਣੇ ਤੇ ਪਰਿਵਾਰ ਨਾਲ ਅਫਸੋਸ ਕਰਨ ਲਈ ਜਸਵਿੰਦਰ ਸਿੰਘ ਕਾਲਾ ਯੂ.ਕੇ ਤੋਂ ਫ਼ਿਰੋਜ਼ਪੁਰ ਪੁੱਜੇ

ਫ਼ਿਰੋਜ਼ਪੁਰ, 23 ਸਤੰਬਰ (ਮਨੋਹਰ ਲਾਲ) :— ਸਵਰਗਵਾਸੀ ਸ: ਹਰਪਾਲ ਸਿੰਘ ਭੁੱਲਰ ਜ਼ੋ ਕਿ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦਾ ਉਨ੍ਹਾਂ ਦੇ ਪਰਿਵਾਰ ਨਾਲ ਸ: ਜ਼ਸਵਿੰਦਰ ਸਿੰਘ ਕਾਲਾ ਆਪਣੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਤੇ ਸ: ਜ਼ਸਵਿੰਦਰ ਸਿੰਘ ਕਾਲਾ ਨੇ ਕਿਹਾ ਕਿ ਸ: ਹਰਪਾਲ ਸਿੰਘ ਭੁੱਲਰ ਇਕ ਵਧੀਆ ਇਨਸਾਨ ਸਨ, ਉਨ੍ਹਾਂ ਹਮੇਸ਼ਾ ਸਮਾਜ ਸੇਵਾ ਵਿਚ ਬਹੁਤ ਵਧੀਆ ਕੰਮ ਕੀਤਾ ਅਤੇ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਨੂੰ ਵਿਸ਼ਵ ਪੱਧਰ ਤੱਕ ਪਹੁੰਚਾਇਆ ਅਤੇ 2 ਹਜ਼ਾਰ ਦੇ ਕਰੀਬ ਗਰੀਬ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੀ ਸ਼ਾਦੀ ਕੀਤੀ ਅਤੇ ਘਰੇਲੂ ਸਮਾਨ ਦਿੰਦੇ ਸਨ। ਇਸ ਤੋਂ ਇਲਾਵਾ ਮਰਦਾਨਾ ਹਾਲ ਬਨਵਾਇਆ। ਇਸ ਮੌਕੇ ਤੇ ਜਸਵਿੰਦਰ ਸਿੰਘ ਕਾਲਾ ਨੇ ਸ: ਹਰਪਾਲ ਸਿੰਘ ਭੁੱਲਰ ਦੇ ਵੱਡੇ ਸਪੁੱਤਰ ਜਗਜੀਤ ਸਿੰਘ ਭੁੱਲਰ ਅਤੇ ਛੋਟੇ ਬੇਟੇ ਗੁਰਜੀਤ ਸਿੰਘ ਭੁੱਲਰ ਨੂੰ ਸਿੱਖਿਆ ਦਿੱਤੀ ਕਿ ਤੁਸੀਂ ਸ: ਹਰਪਾਲ ਸਿੰਘ ਭੁੱਲਰ ਦੇ ਨਕਸ਼ੇ ਕਦਮਾਂ ਤੇ ਤੁਰ ਕੇ ਉਨ੍ਹਾਂ ਦਾ ਨਾਮ ਰੋਸ਼ਨ ਕਰੋ ਅਤੇ ਜੇਕਰ ਤੁਹਾਡੇ ਵਿਚ ਕੋਈ ਐਬ ਹੈ ਤਾਂ ਤੁਸੀਂ ਅੱਜ ਹੀ ਖਤਮ ਕਰਕੇ ਅਗਾਂਹ ਵਧੋ ਤਾਂ ਜ਼ੋ ਲੋਕ ਕਹਿ ਸਕਣ ਕਿ ਇਹ ਸ: ਹਰਪਾਲ ਸਿੰਘ ਭੁੱਲਰ ਦੇ ਬੱਚੇ ਹਨ, ਜਿਹੜੇ ਆਪਣੇ ਮਾਂ—ਬਾਪ ਦਾ ਨਾਮ ਰੋਸ਼ਨ ਕਰੋ ਅਤੇ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਸੁਸਾਇਟੀ ਨੂੰ ਹੋਰ ਵੀ ਅਗਾਂਹ ਲੈ ਕੇ ਜਾਓ। ਇਸ ਮੌਕੇ ਤੇ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਸੁਸਾਇਟੀ ਦੇ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ, ਜਿਨ੍ਹਾਂ ਵਿਚ ਜਗਜੀਤ ਸਿੰਘ ਭੁੱਲਰ, ਗੁਰਜੀਤ ਸਿੰਘ ਭੁੱਲਰ, ਬਲਦੇਵ ਸਿੰਘ ਮਹਿਰੋ, ਸੋਹਣ ਸਿੰਘ, ਰਣਬੀਰ ਸਿੰਘ ਰਾਣਾ, ਪਰਮਜੀਤ ਸਿੰਘ, ਹਰਜੀਤ ਸਿੰਘ ਧਾਲੀਵਾਲ, ਹਰਦੀਪ ਸਿੰਘ ਸਰਪੰਚ, ਦਰਸ਼ਨ ਲਾਲ ਹੀਰਾ, ਮਨੋਹਰ ਲਾਲ ਪੱਤਰਕਾਰ, ਬਾਬਾ ਨਿਰਮਲ ਸਿੰਘ, ਹਰਜੀਤ ਸਿੰਘ ਸੁਨਿਆਰਾ ਜ਼ਸਬੀਰ ਸਿੰਘ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਮੈਂਬਰ ਹਾਜ਼ਰ ਸਨ। ਇਸ ਮੌਕੇ ਤੇ ਇੰਗਲੈਂਡ ਤੋਂ ਆਏ ਜ਼ਸਵਿੰਦਰ ਸਿੰਘ ਕਾਲਾ, ਬੀਬੀ ਨਿੰਦਰ ਕੌਰ, ਜ਼ਸਵਿੰਦਰ ਸਿੰਘ ਕਾਲਾ ਦੀ ਧਰਮ ਪਤਨੀ, ਹਰਜੀਤ ਸਿੰਘ ਲੋਹੀਆ, ਦਰਸ਼ਨ ਸਿੰਘ ਲੋਹੀਆ ਵੀ ਵਿਸ਼ੇਸ਼ ਤੌਰ ਤੇ ਪਹੁੰਚ ਕੇ ਅਫਸੋਸ ਪ੍ਰਗਟ ਕੀਤਾ। ਇਸ ਮੌਕੇ ਤੇ ਬਲਦੇਵ ਸਿੰਘ ਮਹਿਰੋ ਵਿਸ਼ੇਸ਼ ਤੌਰ ਤੇ ਮੋਗੇ ਤੋਂ ਪਹੁੰਚੇ। ਇਸ ਮੌਕੇ ਤੇ ਸਮੂਹ ਸੁਸਾਇਟੀ ਮੈਂਬਰਾਂ ਨੇ ਚਾਹ ਪਾਣੀ, ਲੰਗਰ ਦੀ ਸੇਵਾ ਪਰਿਵਾਰ ਵੱਲੋਂ ਕੀਤੀ ਗਈ।



**ਮੁੱਖ ਮਨੋਰਥ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਅਹਿਮ ਰੋਲ ਅਦਾ ਕਰਨ ਵਾਲੇ ਸ਼ਹੀਦ ਸੁਖਦੇਵ ਥਾਪਰ ਨੂੰ ਬਣਦਾ ਮਾਣ-ਸਨਮਾਨ : ਪਵਨ ਭੰਡਾਰੀ**

# ਖੱਤਰੀ ਮਹਾਂ ਸਭਾ ਪੰਜਾਬ ਨੇ ਨੌਜਵਾਨਾਂ ਨੂੰ ਸੌਂਪੇ ਸਨਮਾਨ ਪੱਤਰ





**ਫ਼ਿਰੋਜ਼ਪੁਰ, 23 ਸਤੰਬਰ (ਮਨੋਹਰ ਲਾਲ) :—** ਖੱਤਰੀ ਭਾਈਚਾਰੇ ਦੀ ਅਗਵਾਈ ਕਰ ਰਹੀ ਖੱਤਰੀ ਮਹਾਂ ਸਭਾ ਪੰਜਾਬ ਵੱਲੋਂ ਯੂਥ ਵਿੰਗ ਦੇ ਕੀਤੇ ਆਗਾਜ਼ ਬਾਅਦ ਇਕ ਸਮਾਗਮ ਕਰਵਾ ਕੇ ਨੌਜਵਾਨਾਂ ਨੂੰ ਅਹੁਦੇਦਾਰ ਵਜੋਂ ਵੰਡੇ ਪ੍ਰਮਾਣ ਪੱਤਰ। ਫ਼ਿਰੋਜ਼ਪੁਰ ਵਿਖੇ ਖੱਤਰੀ ਭਵਨ ਵਿਚ ਹੋਏ ਸਾਂਦੇ ਪਰ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਜੁੜੇ ਵੱਡੀ ਗਿਣਤੀ ਖੱਤਰੀ ਭਾਈਚਾਰੇ ਦੇ ਆਗੂਆਂ ਨੇ ਇਕਾਗਰਤਾ ਦਾ ਸਬੂਤ ਦਿੰਦਿਆਂ ਖੱਤਰੀ ਮਹਾਂ ਸਭਾ ਪੰਜਾਬ ਯੂਥ ਵਿੰਗ ਦੇ ਨਵ ਨਿਯੁਕਤ ਪ੍ਰਧਾਨ ਸ੍ਰੀ ਅੰਕੁਸ਼ ਭੰਡਾਰੀ, ਸੀਨੀਅਰ ਮੀਤ ਪ੍ਰਧਾਨ ਸ਼ਿਵੰਦਰ ਮਲਹੋਤਰਾ, ਸਪੋਕਸਪਰਸਨ ਗੌਰਵ ਬਹਿਲ ਸਮੇਤ ਵਿਨੋਦ ਧਵਨ ਸਕੱਤਰ ਨੂੰ ਸਨਮਾਨਿਤ ਕੀਤਾ ਗਿਆ, ਉਥੇ ਸਮੂਹ ਨੌਜਵਾਨਾਂ ਨੂੰ ਅੱਗੇ ਆ ਕੇ ਬਰਾਦਰੀ ਦੇ ਹਿੱਤ ਵਿਚ ਕੀਰਤੀਮਾਨ ਸਥਾਪਿਤ ਕਰਨ ਦੀ ਅਪੀਲ ਕੀਤੀ।

ਖੱਤਰੀ ਭਵਨ ਵਿਖੇ ਹੋਏ ਸਮਾਗਮ ਦੀ ਅਗਵਾਈ ਕਰਦਿਆਂ ਖੱਤਰੀ ਵੈਲਫੇਅਰ ਸਭਾ ਫ਼ਿਰੋਜ਼ਪੁਰ ਦੇ ਪ੍ਰਧਾਨ ਪਵਨ ਭੰਡਾਰੀ ਜਨਰਲ ਸਕੱਤਰ ਖੱਤਰੀ ਮਹਾਂ ਸਭਾ ਪੰਜਾਬ ਨੇ ਸਪੱਸ਼ਟ ਕੀਤਾ ਕਿ ਖੱਤਰੀ ਮਹਾਂ ਸਭਾ ਦਾ ਮੁੱਖ ਮਨੋਰਥ ਸਾਰੇ ਖੱਤਰੀਆਂ ਨੂੰ ਇਕੋ ਪਲੇਟਫਾਰਮ ਤੇ ਇਕੱਠਾ ਕਰਨਾ ਹੈ ਤਾਂ ਜ਼ੋ ਖੱਤਰੀ ਭਾਈਚਾਰੇ ਨੂੰ ਦਰਪੇਸ਼ ਆ ਰਹੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਕਾਰਜ ਕੀਤੇ ਜਾਣ। ਗੱਲਬਾਤ ਕਰਦਿਆਂ ਸ੍ਰੀ ਪਵਨ ਭੰਡਾਰੀ ਨੇ ਸਪੱਸ਼ਟ ਕੀਤਾ ਕਿ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਅਹਿਮ ਰੋਲ ਅਦਾ ਕਰਨ ਵਾਲੇ ਸ਼ਹੀਦ ਸੁਖਦੇਵ ਥਾਪਰ ਨੂੰ ਬਣਦਾ ਮਾਣ—ਸਨਮਾਨ ਦਿਵਾਉਣ ਲਈ ਵੀ ਜਥੇਬੰਦੀ ਅਹਿਮ ਕਾਰਜ ਕਰਦੀ ਆ ਰਹੀ ਹੈ, ਜਿਸ ਦੇ ਚਲਦਿਆਂ ਪਿਛਲੇ ਦਿਨੀਂ ਚੰਡੀਗੜ੍ਹ ਵਿਖੇ ਮੁਜ਼ਾਹਰਾ ਕਰਨ ਸਮੇਂ ਖੱਤਰੀਆਂ ਨੂੰ ਗ੍ਰਿਫਤਾਰੀਆਂ ਵੀ ਦੇਣੀਆਂ ਪਈਆਂ। ਖੱਤਰੀ ਭਵਨ ਵਿਖੇ ਰੱਖੇ ਸਮਾਗਮ ਦੌਰਾਨ ਸਨਮਾਨ ਪੱਤਰ ਪ੍ਰਾਪਤ ਕਰਨ ਉਪਰੰਤ ਗੱਲਬਾਤ ਕਰਦਿਆਂ ਸ੍ਰੀ ਅੰਕੁਸ਼ ਭੰਡਾਰੀ ਪ੍ਰਧਾਨ ਖੱਤਰੀ ਮਹਾਂ ਸਭਾ ਪੰਜਾਬ ਯੂਥ ਵਿੰਗ ਨੇ ਸਪੱਸ਼ਟ ਕੀਤਾ ਕਿ ਨੌਜਵਾਨੀ ਨੂੰ ਸਹੀ ਦਿਸ਼ਾ ਨਿਰਦੇਸ਼ ਦੇਣ ਲਈ ਜ਼ੋ ਖੱਤਰੀ ਮਹਾਂ ਸਭਾ ਦੇ ਸੁਪਰੀਮੋ ਸ੍ਰੀ ਵਿਜੈ ਧਿਰ ਅਤੇ ਅਸ਼ੋਕ ਥਾਪਰ ਜੀ ਨੇ ਉਨ੍ਹਾਂ ਦੇ ਮੋਢਿਆਂ ਤੇ ਜਿੰਮੇਵਾਰੀ ਸੌਂਪੀ ਹੈ, ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਦਿਆਂ ਉਨ੍ਹਾਂ ਦੀਆਂ ਆਸਾਂ ਤੇ ਖਰ੍ਹਾ ਉਤਾਰਾਂਗਾ। ਦੇਸ਼—ਕੌਮ ਦੇ ਸ਼ਹੀਦ ਸੂਰਮੇ ਸੁਖਦੇਵ ਥਾਪਰ ਦੀ ਗੱਲ ਕਰਦਿਆਂ ਸ੍ਰੀ ਅੰਕੁਸ਼ ਭੰਡਾਰੀ ਨੇ ਸਪੱਸ਼ਟ ਕੀਤਾ ਕਿ ਖੱਤਰੀ ਭਾਈਚਾਰੇ ਦੀ ਸਭ ਤੋਂ ਅਹਿਮ ਮੰਗ ਲੁਧਿਆਣਾ ਦੇ ਰੇਲਵੇ ਸਟੇਸ਼ਨ ਨੂੰ ਸ਼ਹੀਦ ਸੁਖਦੇਵ ਥਾਪਰ ਦਾ ਨਾਮ ਦੇਣ ਦੀ ਮੰਗ ਹੈ, ਜਿਸ ਦੀ ਪੂਰਤੀ ਲਈ ਹਰ ਤਰ੍ਹਾਂ ਦਾ ਰਸਤਾ ਅਖਤਿਆਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਖੱਤਰੀ ਭਾਈਚਾਰੇ ਨੂੰ ਗੁਲਾਬ ਦੇ ਗੁਲਦਸਤ ਵਾਂਗ ਚਮਕਾਉਣ ਲਈ ਜਿਥੇ ਹਰ ਜ਼ਿਲ੍ਹੇ ਕਸਬੇ ਵਿਚ ਪਹੁੰਚ ਕਰਕੇ ਖੱਤਰੀ ਭਾਈਚਾਰੇ ਨੂੰ ਇਕੱਠਿਆਂ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਾਂਗਾ, ਉਥੇ ਨੌਜਵਾਨੀ ਨੂੰ ਲਾਮਬੰਦ ਕਰਕੇ ਸਮੇਂ ਦੇ ਹਾਣੀ ਬਣਾਉਣ ਲਈ ਵੀ ਕਾਰਜ ਕਰਦੇ ਰਹਾਂਗੇ।

**☛ ਲੁਧਿਆਣਾ ਦਾ ਰੇਲਵੇ ਸਟੇਸ਼ਨ ਸ਼ਹੀਦ ਸੁਖਦੇਵ ਥਾਪਰ ਨੂੰ ਹੋਵੇ ਸਮਰਪਿਤ : ਅੰਕੁਸ਼ ਭੰਡਾਰੀ ☛ ਨੌਜਵਾਨੀ ਨੂੰ ਇਕੋ ਪਲੇਟਫਾਰਮ ਤੇ ਇਕੱਠਿਆਂ ਕਰਨ ਲਈ ਜਲਦ ਹੋਣਗੀਆਂ ਪੰਜਾਬ ਭਰ ਵਿਚ ਮੀਟਿੰਗਾਂ : ਗੌਰਵ ਬਹਿਲ**

ਇਸ ਮੌਕੇ ਬੋਲਦਿਆਂ ਸ੍ਰੀ ਗੌਰਵ ਬਹਿਲ ਅਤੇ ਸ਼ਿਵੰਦਰ ਮਲਹੋਤਰਾ ਨੇ ਕਿਹਾ ਕਿ ਸਾਨੂੰ ਸ੍ਰੀ ਰਾਮ ਦੇ ਵੰਸ਼ਜ ਹੋਣ ਸਦਕਾ ਖੱਤਰੀ ਹੋਣ ਤੇ ਮਾਣ ਹੈ ਅਤੇ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਵਾਲੇ ਸ਼ਹੀਦ ਸੁਖਦੇਵ ਥਾਪਰ ਦੇ ਪਾਏ ਪੂਰਨਿਆਂ *ਤੇ ਨੌਜਵਾਨੀ ਨੂੰ ਤੌਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗਾ ਤਾਂ ਜ਼ੋ 76 ਸਾਲ ਪਹਿਲਾਂ ਸ਼ਹੀਦਾਂ ਵੱਲੋਂ ਸਿਰਜੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ ਅਤੇ ਹਰ ਵਿਅਕਤੀ ਨੂੰ ਪੂਰਨ ਆਜ਼ਾਦੀ ਮਿਲ ਸਕੇ। ਉਨ੍ਹਾਂ ਕਿਹਾ ਕਿ ਖੱਤਰੀ ਭਾਈਚਾਰਾ ਹਰ ਖੇਤਰ ਵਿਚ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ ਅਤੇ ਸਾਡੀ ਦਿਲੀਂ ਖੁਆਇਸ਼ ਹੈ ਕਿ ਸਾਰੇ ਖੱਤਰੀ ਇਕੋ ਪਲੇਟਫਾਰਮ ਤੇ ਇਕੱਠੇ ਹੋ ਕੇ ਖੱਤਰੀ ਭਾਈਚਾਰੇ ਅਤੇ ਖੱਤਰੀ ਪਰਿਵਾਰਾਂ ਲਈ ਕੁਝ ਕਰ ਸਕਣ। ਉਨ੍ਹਾਂ ਕਿਹਾ ਕਿ ਬੇਸ਼ੱਕ ਖੱਤਰੀ ਮਹਾਂ ਸਭਾ ਪੰਜਾਬ ਵੱਲੋਂ ਸਮਾਜ ਭਲਾਈ ਦੇ ਕਾਰਜ ਕੀਤੇ ਜਾ ਰਹੇ ਹਨ, ਪਰ ਜੇਕਰ ਸਾਡੇ ਖੱਤਰੀ ਪਰਿਵਾਰਾਂ ਲਈ ਅਸੀਂ ਕੁਝ ਕਰਦੇ ਹਾਂ ਤਾਂ ਉਹ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਇਸ ਮੌਕੇ ਖੱਤਰੀ ਤਰਸੇਮ ਬੇਦੀ, ਕ੍ਰਿਸ਼ਨ ਟੰਡਨ, ਸੁਰਿੰਦਰ ਬੇਰੀ, ਕੁਲਦੀਪ ਮੈਨੀ, ਲਵਕੇਸ਼ ਕੱਕੜ, ਪਰਸ਼ੋਤਮ ਮਹਿਤਾ, ਪਰਦੀਪ ਬਿੰਦਰਾ, ਸੁਖਜੀਤ ਉਪਲ, ਹੀਰਾ ਪੁੱਗਲ, ਸੰਨੀ ਚੋਪੜਾ, ਕੁਲਦੀਪ ਸੋਢੀ, ਰਜੇਸ਼ ਮਹਿਤਾ, ਰਾਕੇਸ਼ ਕਪੂਰ, ਵਿਨੋਦ ਕੁਮਾਰ ਧਵਨ, ਰਵਿੰਦਰ ਕਾਲਾ ਨੰਬਰਦਾਰ ਕੜਮਾ, ਅਮਿਤ ਵਧਾਵਨ, ਰਾਹੁਲ ਕੱਕੜ, ਹਰਵਿੰਦਰ ਸਿੰਘ ਘਈ, ਨੰਦ ਕਿਸ਼ੋਰ ਬੇਰੀ, ਐਡਵੋਕੇਟ ਪੁਰੀ, ਜ਼ੋਗਿੰਦਰ ਸਿੰਘ, ਹੇਮੰਤ ਸਿਆਲ, ਇੰਦਰਜੀਤ ਸੱਗੜ, ਅਜੀਤ ਕਪੂਰ, ਰਵੀ ਚੋਪੜਾ, ਜ਼ੋਗਿੰਦਰ ਸਿੰਘ ਵਿਜ ਆਦਿ ਹਾਜ਼ਰ ਸਨ।

**ਅਰਜਨਮਾਂਗਾ ਛੋਟਾ ਦੇ ਲੋਕਾਂ**

# ਸਰਬ ਸੰਮਤੀ ਨਾਲ ਚੁਣੀ ਪੰਚਾਇਤ



**ਚੌਂਕ ਮਹਿਤਾ, 23 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਲਕਾ ਮਜੀਠਾ ਦੇ ਪਿੰਡ ਅਰਜਨਮਾਂਗਾ ਛੋਟਾ ਵਿਖੇ ਪਿੰਡ ਦੇ ਲੋਕਾਂ ਵੱਲੋਂ ਸਰਬ ਸੰਮਤੀ ਨਾਲ ਪੰਚਾਇਤ ਚੁਣ ਲਈ ਗਈ ਹੈ। ਇਹ ਪਿੰਡ ਸਰਬ ਸੰਮਤੀ ਨਾਲ ਪੰਚਾਇਤ ਚੁਣਨ ਵਾਲਾ ਤੀਸਰਾ ਪਿੰਡ ਬਣ ਗਿਆ ਹੈ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾ ਹਲਕਾ ਜੰਡਿਆਲਾ ਗੁਰੂ ਦੇ 2 ਪਿੰਡ ਜਿਨ੍ਹਾਂ ਵਿਚ ਮਹਿਤਾ ਅਤੇ ਸੰਤ ਗੁਰਬਚਨ ਸਿੰਘ ਨਗਰ ਦੇ ਲੋਕਾਂ ਨੇ ਵੀਂ ਸਰਬ ਸੰਮਤੀ ਨਾਲ ਪੰਚਾਇਤਾਂ ਚੁਣੀਆਂ ਹਨ। ਪ੍ਰਿੰ. ਗੁਰਮੁੱਖ ਸਿੰਘ ਅਰਜਨਮਾਂਗਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਪਿੰਡ ਦੇ ਲੋਕਾਂ ਦੀ ਵਿਸ਼ੇਸ਼ ਇਕੱਤਰਤਾ ਹੋਈ, ਜਿਸ ਦੌਰਾਨ ਪਿੰਡ ਵਾਸੀਆਂ ਨੇ ਬਿਨਾਂ ਕਿਸੇ ਵਾਦ ਵਿਵਾਦ ਦੇ ਸਰਬ ਸੰਮਤੀ ਨਾਲ ਸੂਬੇਦਾਰ ਲਖਵਿੰਦਰ ਸਿੰਘ ਨੂੰ ਸਰਪੰਚ ਚੁਣ ਲਿਆ ਅਤੇ ਤਰਲੋਚਨ ਸਿੰਘ, ਮੇਜਰ ਸਿੰਘ, ਗੁਰਮੁੱਖ ਸਿੰਘ, ਸਤਨਾਮ ਸਿੰਘ ਤੇ ਮਹਿੰਦਰ ਸਿੰਘ ਨੂੰ ਪੰਚਾਇਤ ਮੈਂਬਰ ਚੁਣ ਲਿਆ ਗਿਆ। ਇਸ ਸਮੇਂ ਸਮੂਹ ਪਿੰਡ ਵਾਸੀਆਂ ਦੇ ਵੱਲੋਂ ਨਵ ਨਿਯੁਕਤ ਸਰਪੰਚ ਸਮੇਤ ਪੂਰੀ ਪੰਚਾਇਤ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰ. ਗੁਰਮੁੱਖ ਸਿੰਘ ਅਰਜਨਮਾਂਗਾ ਨੇ ਹੋਰਨਾਂ ਪਿੰਡਾਂ ਦੇ ਲੋਕਾਂ ਨੂੰ ਆਖਿਆ ਕਿ ਉਹ ਆਪਸੀ ਸਹਿਮਤੀ ਦੇ ਨਾਲ ਪੰਚਾਇਤਾਂ ਚੁਣਨ ਨੂੰ ਪਹਿਲਾ ਦੇਣ ਤਾਂ ਕਿ ਫਾਲਤੂ ਖਰਚੇ ਤੋਂ ਬਚਿਆ ਜਾ ਸਕੇ ਅਤੇ ਨਿਰਪੱਖ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ।

# ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਿਆਂ ਵਿਰੁੱਧ ਹੋਵੇ ਕਾਰਵਾਈ : ਸਿੱਖ ਜਥੇਬੰਦੀਆਂ





ਫ਼ਿਰੋਜ਼ਪੁਰ, 23 ਸਤੰਬਰ (ਮਨੋਹਰ ਲਾਲ) :— ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਿਆਂ ਵਿਰੁੱਧ ਕਾਰਵਾਈ ਕਰਵਾਉਣ ਲਈ ਸਿੱਖ ਜਥੇਬੰਦੀਆਂ ਨੇ ਮੁੱਖ ਮੰਤਰੀ ਪੰਜਾਬ ਸਮੇਤ ਡੀ.ਜੀ.ਪੀ. ਪੰਜਾਬ, ਐਸ.ਐਸ.ਪੀ ਫ਼ਿਰੋਜ਼ਪੁਰ ਅਤੇ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਕੋਲ ਲਿਖਤੀ ਪੱਤਰਾਂ ਰਾਹੀਂ ਲਗਾਈ ਗੁਹਾਰ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਲਖਬੀਰ ਸਿੰਘ ਮਹਾਲਮ ਨੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ, ਸ਼ਹੀਦ ਭਾਈ ਮਨੀ ਸਿੰਘ ਸੇਵਾ ਸੁਸਾਇਟੀ ਆਲ ਇੰਡੀਆ, ਰਾਗੀ ਗ੍ਰੰਥੀ ਸਭਾ ਪੰਜਾਬ, ਦਲ ਪੰਥਕ ਬਾਬਾ ਬਚਿੱਤਰ ਸਿੰਘ ਸ਼ਹੀਦ, ਵਿਸ਼ਵ ਸਿੱਖ ਰਾਜਪੂਤ ਭਾਈਚਾਰਾ ਅਤੇ ਭਾਈ ਮਨੀ ਸਿੰਘ ਤੇ ਬਾਬਾ ਬਚਿੱਤਰ ਸਿੰਘ ਗੁਰਦੁਆਰਾ ਦੀਆਂ ਸਮੂਹ ਪ੍ਰਬੰਧਕ ਕਮੇਟੀਆਂ ਨੇ ਮੰਗ ਪੱਤਰ ਰਾਹੀਂ ਗੁਹਾਰ ਲਗਾਈ ਹੈ ਕਿ ਉਕਤ ਗਗਨਦੀਪ ਸਿੰਘ ਲੇਖਕ ਜਿਸ ਨੇ ਆਪਣੀ ਕਿਤਾਬ ਹਲੀਮੀ ਰਾਜ ਗੁਰੂ ਨਾਨਕ ਸਾਹਿਬ ਵਿਚ ਭਾਈ ਮਨੀ ਸਿੰਘ ਨੂੰ ਲੁਬਾਨਾ ਬਨਜਾਰਾ ਸਿੱਖ ਲਿਖਿਆ ਹੈ। ਉਨ੍ਹਾਂ ਕਿਹਾ ਕਿ ਭਾਈ ਮਨੀ ਸਿੰਘ ਰਾਜਪੂਤ ਸਨ ਅਤੇ ਉਨ੍ਹਾਂ ਦੀ ਪਰਮਾਰ ਜਾਤੀ ਸੀ ਅਤੇ ਉਨ੍ਹਾਂ ਦਾ ਪਿੰਡ ਅਲੀਗੜ੍ਹ ਜ਼ਿਲ੍ਹਾ ਮੁਲਤਾਨ (ਪਾਕਿਸਤਾਨ) ਵਿਚ ਹੋਇਆ ਸੀ, ਉਨ੍ਹਾਂ ਦੇ ਦਾਦਾ ਜੀ, ਪਿਤਾ ਜੀ ਵੀ ਸ਼ਹੀਦ ਹੋਏ ਸਨ, ਉਨ੍ਹਾਂ ਦੇ ਪਿਤਾ ਦਾ ਨਾਮ ਮਾਈ ਦਾਸ ਸੀ, ਉਨ੍ਹਾਂ ਦੇ ਦਾਦਾ ਜੀ ਭਾਈ ਬੱਲੇ ਜੀ ਸਨ ਅਤੇ ਉਨ੍ਹਾਂ ਦੇ ਪੁੱਤਰ ਬਾਬਾ ਬਚਿੱਤਰ ਸਿੰਘ ਅਤੇ ਭਾਈ ਉਦੇ ਸਿੰਘ ਵੀ ਸ਼ਹੀਦ ਹੋਏ ਸਨ ਅਤੇ ਉਨ੍ਹਾਂ ਦੇ ਇਤਿਹਾਸ ਵਿਚ ਸਾਰੇ ਇਤਿਹਾਸਕਾਰਾਂ ਨੇ ਰਾਜਪੂਤ ਪਰਮਾਰ ਲਿਖਿਆ ਹੈ, ਜ਼ੋ ਕਿ ਉਕਤ ਗਗਨਦੀਪ ਸਿੰਘ ਨੇ ਆਪਣੀ ਬੁੱਕ ਵਿਚ ਭਾਈ ਮਨੀ ਸਿੰਘ ਨੂੰ ਬਨਜਾਰਾ ਲੁਬਾਨਾ ਲਿਖਿਆ ਹੈ, ਜਿਸ ਨਾਲ ਪੂਰੇ ਸਿੱਖ ਸਮਾਜ ਅਤੇ ਸਿੱਖ ਰਾਜਪੂਤ ਭਾਈਚਾਰੇ ਦੇ ਹਿਰਦੇ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਉਕਤ ਗਗਨਦੀਪ ਸਿੰਘ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕਰਦੇ ਹੋਏ ਮੁਕੱਦਮਾ ਦਰਜ ਕੀਤਾ ਜਾਵੇ ਅਤੇ ਇਸ ਵੱਲੋਂ ਲਿਖੀ ਕਿਤਾਬ ਨੂੰ ਜ਼ਬਤ ਕਰਦਿਆਂ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਪ੍ਰਸ਼ਾਸਨ ਵੱਲੋਂ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ ਜਾਂਦੀ ਤਾਂ ਮਜ਼ਬੂਰਨ ਸੰਘਰਸ਼ ਤਿੱਖਾ ਕਰਨਾ ਪਵੇਗਾ, ਜਿਸ ਤੋਂ ਨਿਕਲਣ ਵਾਲੇ ਸਿੱਟਿਆਂ ਦੀ ਜਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਬਲਦੇਵ ਸਿੰਘ, ਗੁਰਦੇਵ ਸਿੰਘ, ਨਿਸ਼ਾਨ ਸਿੰਘ, ਬਲਕਾਰ ਸਿੰਘ, ਜਗਤਾਰ ਸਿੰਘ, ਨੈਬ ਸਿੰਘ, ਸੰਤੋਖ ਸਿੰਘ, ਪ੍ਰੀਤਮ ਸਿੰਘ, ਬਲਵਿੰਦਰ ਸਿੰਘ, ਜਗਤਾਰ ਸਿੰਘ, ਸੁੱਖ ਸਿੰਘ, ਜਗਤਾਰ ਸਿੰਘ, ਸੰਤੋਖ ਸਿੰਘ, ਬਲਵਿੰਦਰ ਸਿੰਘ, ਹਰਮੇਸ਼ ਸਿੰਘ, ਬਲਵਿੰਦਰ ਸਿੰਘ, ਗੁਰਭੇਜ਼ ਸਿੰਘ, ਦਲੀਪ ਸਿੰਘ ਬਿੱਕਾ ਮੁੱਖ ਸੇਵਾਦਾਰ ਸ਼੍ਰੋਮਣੀ ਸ਼ਹੀਦ ਭਾਈ ਮਨੀ ਸਿੰਘ, ਗੁਰਦਿਆਲ ਸਿੰਘ ਜ਼ਿਲ੍ਹਾ ਪ੍ਰਧਾਨ ਨਵਾਂ ਸ਼ਹਿਰ, ਕਰਨੈਲ ਸਿੰਘ ਰਠੌੜ, ਅਜੀਤ ਸਿੰਘ ਪਵਾਰ, ਸੇਵਾ ਸਿੰਘ ਆਦਿ ਹਾਜ਼ਰ ਸਨ।

# ਸਮਾਜਿਕ ਗਤੀਵਿਧੀਆਂ ਦੇ ਨਾਲ-ਨਾਲ ਨੌਜਵਾਨਾਂ ਨੂੰ ਧਾਰਮਿਕ ਗਤੀਵਿਧੀਆਂ ਵਿੱਚ ਵੀ ਅੱਗੇ ਆਉਣਾ ਚਾਹੀਦਾ ਹੈ: ਸਾਗਰ ਮੁਨੀ ਸ਼ਾਸਤਰੀ



**ਚੌਂਕ ਮਹਿਤਾ, 23 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਧਰਮ ਮਨੁੱਖ ਨੂੰ ਸਮਾਜ ਵਿੱਚ ਜੀਵਨ ਜਿਊਣ ਦੀ ਕਲਾ ਤੋਂ ਜਾਣੂ ਕਰਵਾਉਂਦਾ ਹੈ ਜਦੋਂ ਭਾਰਤ ਦੇ ਨੌਜਵਾਨ ਧਰਮ ਦੇ ਮਾਰਗ 'ਤੇ ਚੱਲਣਗੇ ਤਾਂ ਸਾਡਾ ਭਾਰਤ ਮਜ਼ਬੂਤ ਹੋਵੇਗਾ। ਚੌਂਕ ਪਾਸੀਆਂ ਸਥਿਤ ਅਧਿਆਤਮਕ ਕੇਂਦਰ ਮੰਦਰ ਸ਼੍ਰੀ ਜੈ ਕ੍ਰਿਸ਼ਨ ਵਿਖੇ ਸੱਭਿਆਚਾਰਕ ਨਾਟਕ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਮੰਦਿਰ ਨਾਲ ਜੁੜੇ ਨੌਜਵਾਨਾਂ ਨੇ ਪ੍ਰੋਗਰਾਮ ਵਿੱਚ ਆਪਣੀ ਪ੍ਰਤਿਭਾ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਪ੍ਰੋਗਰਾਮ ਵਿੱਚ ਨੌਜਵਾਨਾਂ ਵੱਲੋਂ ਵੱਖ-ਵੱਖ ਰੂਪਾਂ ਵਿੱਚ ਸ਼੍ਰੀ ਕ੍ਰਿਸ਼ਨ ਦੀਆਂ ਲੀਲਾਂ ਬਾਰੇ ਪ੍ਰੋਗਰਾਮ ਪੇਸ਼ ਕੀਤੇ ਗਏ। ਨਾਟਕ ਰਾਹੀਂ ਰਾਣਾ ਸਾਂਗਾ, ਉਦਾ ਬਾਈ, ਮੀਰਾ, ਸੁਦਾਮਾ, ਦੁਰਯੋਧਨ ਅਤੇ ਸ਼੍ਰੀ ਕ੍ਰਿਸ਼ਨ ਦੇ ਰੂਪ ਵਿੱਚ ਨੌਜਵਾਨਾਂ ਨੇ ਜੋਸ਼ ਪੈਦਾ ਕੀਤਾ ਅਤੇ ਸ਼੍ਰੀ ਕ੍ਰਿਸ਼ਨ ਪ੍ਰਤੀ ਪਿਆਰ ਸਮੁੱਚੇ ਦਰਸ਼ਕਾਂ ਦੀਆਂ ਅੱਖਾਂ ਵਿੱਚ ਦੇਖਿਆ ਜਾ ਸਕਦਾ ਸੀ। ਬੱਚਿਆਂ ਦੇ ਉਤਸ਼ਾਹ ਨੂੰ ਵਧਾਉਣ ਲਈ ਮੰਦਰ ਦੇ ਸੰਚਾਲਕ ਸ: ਦਰਸ਼ਨਾਚਾਰੀਆ ਸਾਗਰ ਮੁਨੀ ਸ਼ਾਸਤਰੀ ਜੀ ਨੇ ਸਾਰੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਅਤੇ ਕਿਹਾ ਕਿ ਧਰਮ ਅਤੇ ਨੌਜਵਾਨ ਸਮਾਜ ਦੀ ਮੁੱਖ ਇਕਾਈ ਹਨ। ਨੌਜਵਾਨਾਂ ਨੂੰ ਧਰਮ ਨਾਲ ਜੋੜਨ ਲਈ ਅਜਿਹੇ ਪ੍ਰੋਗਰਾਮ ਕਰਵਾਉਣੇ ਚਾਹੀਦੇ ਹਨ। ਜਦੋਂ ਨੌਜਵਾਨ ਭੌਤਿਕਵਾਦ ਨੂੰ ਤਿਆਗ ਕੇ ਅਧਿਆਤਮਿਕਤਾ ਨੂੰ ਅਪਣਾਉਣ ਦੀ ਕੋਸ਼ਿਸ਼ ਕਰਨਗੇ ਤਾਂ ਜਲਦੀ ਹੀ ਮਜ਼ਬੂਤ ਭਾਰਤ ਦਾ ਨਿਰਮਾਣ ਹੋ ਸਕਦਾ ਹੈ। ਇਸ ਪ੍ਰੋਗਰਾਮ ਵਿੱਚ ਵਰਿੰਦਾਵਨ ਤੋਂ ਮਹੰਤ ਸ਼੍ਰੀ ਸੁਖਦੇਵ ਮੁਨੀ ਆਰਾਧਿਆ, ਮਹਾਰਾਸ਼ਟਰ ਤੋਂ ਮਹੰਤ ਜੈਤੀਰਾਜ ਬਾਬਾ, ਅੰਜਨਾ ਲੂਥਰਾ, ਨੀਲਮ ਮਹਾਜਨ, ਅਰੁਣਾ ਬਾਵਾ, ਕੀਮਤੀ ਲਾਲ ਗੁਲਾਟੀ ਆਦਿ ਸੰਤ ਅਤੇ ਸ਼ਰਧਾਲੂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਬੋਲ ਵਿਗਿਆਨ (Phonology/ phonetics)



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

**ਅਵਾਜ** ਨੂੰ ਧੁਨੀ (phone) ਕਿਹਾ ਜਾਂਦਾ ਹੈ ਅਤੇ ਇਕ ਸਾਰਥਿਕ ਅਵਾਜ ਨੂੰ ਧੁਨੀ ਗਰਾਮ (Phoneme) ।ਮਨੁੱਖ ਜਾਂ ਜੀਵਾਂ ਦੁਆਰਾ ਉਚਾਰੀਆਂ ਗਈਆਂ ਅਵਾਜਾਂ ਦੇ ਸੰਗਲੀਬੱਧ ਪ੍ਰਬੰਧ ਨੂੰ ਬੋਲ ਕਿਹਾ ਜਾਂਦਾ ਹੈ ਤੇ ਬੋਲਾਂ ਦੇ ਵਿਧੀਵਤ ਅਧਿਐਨ ਨੂੰ ਬੋਲ ਵਿਗਿਆਨ ਦਾ ਨਾਮ ਦਿੱਤਾ ਜਾਂਦਾ ਹੈ ।ਕੁਦਰਤ ਵਿਚ ਪੈਦਾ ਹੋ ਰਿਹਾ ਹਰ ਤਰਾਂ ਦਾ ਸੰਗੀਤ, ਨਦੀ ਦੇ ਪਾਣੀ ਦੀ ਕਲ ਕਲ, ਸਮੁੰਦਰ ਵਿਚਲੇ ਜਵਾਰ ਭਾਟੇ ਦੀਆਂ ਲਹਿਰਾਂ ਦੀ ਛੂਕ, ਪੰਛੀਆਂ ਦੀ ਚਹਿਕ, ਸ਼ੇਰ/ਹਾਥੀ ਅਤੇ ਚੀਤਿਆਂ ਦੀ ਦਹਾੜ, ਦੁਨੀਆਂ ਦੀਆਂ ਲਗਭਗ ਸੱਤ ਕੁ ਹਜਾਰ ਮਨੁੱਖੀ ਬੋਲੀਆਂ ਦੇ ਬੋਲ, ਵੱਖ ਵੱਖ ਪ੍ਰਕਾਰ ਦੀਆਂ ਮਸ਼ੀਨਾ ਵਿਚੋਂ ਨਿਕਲਦੀਆਂ ਆਵਾਜਾਂ, ਮੋਟਰਕਾਰਾਂ, ਰੇਲਾਂ ਅਤੇ ਜਹਾਜ਼ਾਂ ਦਾ ਸ਼ੋਰ ਆਦਿ ਸਭ ਬੋਲ ਵਿਗਿਆਨ ਦੇ ਅਧਿਐਨ ਦੇ ਘੇਰੇ ਵਿਚ ਹੀ ਆਉਂਦਾ ਹੈ । ਦੂਜੇ ਸ਼ਬਦਾਂ ਵਿਚ ਇੰਜ ਵੀ ਕਹਿ ਸਕਦੇ ਹਾਂ ਕਿ ਬ੍ਰਹਿਮੰਡ ਵਿਚਲੇ ਸੰਗੀਤ ਦਾ ਸਮੁੱਚਾ "ਸਾ ਰੇ ਗਾ ਮਾ ਪਾ" ਬੋਲ ਵਿਗਿਆਨ ਦਾ ਖੇਤਰ ਹੈ ।

ਬੇਸ਼ੱਕ ਇਸ ਬ੍ਰਹਿਮੰਡ ਵਿਚ ਉਤਪਨ ਹੋਈ, ਕੋਈ ਵੀ ਅਵਾਜ ਬੇਅਰਥ ਨਹੀਂ ਹੁੰਦੀ , ਉਸ ਦੇ ਕੋਈ ਨ ਕੋਈ ਸਾਰਥਿਕ ਜਾਂ ਨਿਰਾਰਥਿਕ ਅਰਥ ਜਰੂਰ ਹੁੰਦੇ ਹਨ, ਪਰੰਤੂ ਜਦੋ ਮਨੁੱਖੀ ਅਵਾਜਾਂ ਦੇ ਵਿਧੀਵਤ ਉਚਾਰਨ ਨਾਲ ਪੈਦਾ ਹੋਏ ਬੋਲਾਂ ਦੇ ਅਧਿਐਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਹਨਾਂ ਨੂੰ ਅਸਾਨੀ ਨਾਲ ਸਮਝਣ ਵਾਸਤੇ ਸਾਰਥਿਕ ਅਤੇ ਨਿਰਾਰਥਿਕ ਵਿਚ ਨਿਖੇੜ ਲਿਆ ਜਾਂਦਾ ਹੈ ਇਸ ਤਰਾਂ ਕਰਨ ਨਾਲ ਮਨੁੱਖੀ ਬੋਲਾਂ ਦੇ ਉਚਾਰ, ਸੰਚਾਰ, ਅਰਥ ਅਤੇ ਸੁਣਨ ਪ੍ਰਬੰਧ ਦਾ ਬੇਹਤਰ ਅਧਿਐਨ ਕੀਤਾ ਜਾ ਸਕਦਾ ਹੈ ਅਤੇ ਇਸ ਦੇ ਨਾਲ ਹੀ ਕਿਸੇ ਬੋਲੀ ਵਿਸ਼ੇਸ਼ ਦੀਆਂ ਅਵਾਜਾਂ/ਧੁਨੀਆਂ ਦੀ ਸਥਾਪਤੀ, ਵਰਗਵੰਡ ਤੇ ਵਰਤੋਂ ਦਾ ਪੱਧਰ ਤੇ ਪੈਮਾਨਾ ਵੀ ਨਿਰਧਾਰਤ ਕੀਤਾ ਜਾ ਸਕਦਾ ਹੈ ।

ਦਰਅਸਲ ਬੋਲ ਵਿਗਿਆਨ ਦਾ ਸੰਕਲਪ ਵੀਹਵੀਂ ਸਦੀ ਦੇ ਮੁੱਢਲੇ ਦੌਰ ਵਿਚ ਹੋਂਦ ਵਿਚ ਹੋਇਆ ।ਇਸ ਖੇਤਰ ਵਿਚ ਬਲੂਮਫੀਲਡ, ਕਰਟਨੇਯ, ਕੈਨੇਥ ਐਲ ਪਾਈਕ, ਪਰਿੰਸ ਨਿੱਕੋਲਾਈ ਤਰਬਜਕੋਏ, ਐਡਵਰਡ ਸੇਪੀਰ, ਜੇ ਆਰ ਫਰਥ, ਮੇਰੀਓ ਪੇਈ, ਹਾਕਿਟ, ਮਾਲਿਮਬਰਗ, ਆਰ ਐਚ,ਰੌਬਿੰਨਜ, ਡੇਨਿੱਸ ਕਰਿਸਟਲ, ਰੋਮਨ ਜੈਕਿਬਸਨ, ਹੇਲ, ਬਰਨਾਰਡ ਬਲਾਖ ਅਤੇ ਟ੍ਰੈਗਰ ਆਦਿ ਵਿਦਵਾਨਾਂ ਦੇ ਨਾਮ ਮੋਹਰੀਆਂ ਵਜੋਂ ਲਏ ਜਾ ਸਕਦੇ ਹਨ ।

ਬੋਲ ਵਿਗਿਆਨ ਦੀ ਖੋਜ ਨੇ ਮਨੁੱਖੀ ਬੋਲੀਆਂ ਦੇ ਅਧਿਐਨ ਦੇ ਖੇਤਰ ਵਿਚ ਕਰਾਂਤੀਕਾਰੀ ਤਬਦੀਲੀ ਲਿਆਂਦੀ ਹੈ ।ਇਸ ਵਿਗਿਆਨ ਨੇ ਅਵਾਜਾਂ ਤੋ ਪੈਦਾ ਹੋਏ ਬੋਲਾਂ ਦੀ ਵਿਧੀਵਤ ਵੰਡ ਕੀਤੀ, ਅਵਾਜਾਂ ਦੀ ਅਦਲਾ ਬਦਲੀ ਕਰਕੇ ਅਸੰਖਾ ਦੀ ਤਦਾਦ ਵਿਚ ਉਚਾਰੇ ਗਏ ਬੋਲਾਂ ਦੇ ਸਿਸਟਮ ਨੂੰ ਚੰਗੀ ਤਰਾਂ ਸਮਝਣ ਵਿਚ ਅਸਾਨੀ ਪੈਦਾ ਕੀਤੀ ਅਤੇ ਇਸ ਦੇ ਨਾਲ ਹੀ ਬੋਲ ਤੇ ਸਹਿ ਬੋਲ (Phoneme and allo- phoneme) ਦੇ ਸਮਝਣ ਵਿਚ ਅਸਾਨੀ ਪੈਦਾ ਕੀਤੀ ।ਇਸ ਵਿਗਿਆਨ ਨੇ ਪਰੰਪਰਾਗਤ ਵਿਆਕਰਣਕ ਪਰਬੰਧ ਜੋ ਬੋਲੀ ਦੀ ਸਿਖਲਾਈ ਦੇਣ ਦੀ ਬਜਾਏ ਮੁਢਲੀ ਜਮਾਤ (primary school education) ਤੋਂ ਹੀ ਵਿਦਿਆਰਥੀਆਂ ਨੂੰ ਸਾਹਿਤ ਦੀ ਸਿਖਲਾਈ ਦੇ ਰਿਹਾ ਸੀ ਉਸ ਨੂੰ ਰੱਦ ਕੀਤਾ ਅਤੇ ਬੋਲ ਦੇ ਅਧਿਐਨ ਅਤੇ ਸਿਖਲਾਈ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ । ਇਸ ਤਰਾਂ ਕਰਦਿਆਂ ਬੋਲ ਵਿਗਿਆਨ ਨੇ ਇਹ ਭਰਾਂਤੀ ਦੂਰ ਕੀਤੀ ਕਿ "ਊੜਾ, ਊਠ, ਐੜਾ ਅਨਾਰ ਅਤੇ ਈੜੀ ਇੰਜਣ ਆਦਿ ਪੜਾਉਣ ਨਾਲ ਕੋਈ ਵੀ ਵਿਦਿਆਰਥੀ ਆਪਣੀ ਮਾਤ ਭਾਸ਼ਾ ਨਾ ਹੀ ਚੰਗੀ ਤਰਾਂ ਸਿੱਖ ਸਕਦਾ ਹੈ ਤੇ ਨਾ ਹੀ ਸਹੀ ਰੂਪ ਵਿਚ ਬੋਲ ਜਾਂ ਲਿਖ ਸਕਦਾ ਹੈ ।ਸਹੀ ਤਰਾਂ ਕਿਸੇ ਬੋਲੀ ਨੂੰ ਸਿਖਾਉਣ ਵਾਸਤੇ ਵਿਦਿਆਰਥੀਆਂ ਨੂੰ ਇਹ ਦੱਸਣਾ ਪਵੇਗਾ ਕਿ ਆਵਾਜਾਂ ਦੀ ਉਤਪਤੀ ਕਿਵੇਂ ਹੁੰਦੀ ਹੈ ਤੇ ਮਨੁੱਖੀ ਸਰੀਰ ਦੇ ਕਿਹੜੇ ਅੰਗ ਅਵਾਜ ਪਰਬੰਧ ਨੂੰ ਬੋਲਾਂ ਵਿਚ ਬਦਲਣ ਵਾਸਤੇ ਕਿਵੇਂ ਯੋਗਦਾਨ ਪਾਉਂਦੇ ਹਨ, ਮਿਸਾਲ ਵਜੋਂ ਪ,ਫ,ਬ,ਭ ਤੇ "ਮ" ਦਾ ਉਚਾਰਨ ਕਰਨ ਵਾਸਤੇ ਦੋਵੇਂ ਬੁੱਲ੍ਹਾਂ ਦਾ ਆਪਸ ਵਿਚ ਮੇਲ ਹੋ ਕੇ ਇਕ ਫਟਕੇ ਨਾਲ ਖੁੱਲ੍ਹਣਾ ਜਰੂਰੀ ਹੁੰਦਾ ਹੈ । ਇਸੇ ਤਰਾਂ ਤ,ਥ, ਦ ਅਤੇ ਧ ਉਚਾਰਨ ਵਾਸਤੇ ਜੀਭ ਦੀ ਨੋਕ ਦਾ ਉਪਰਲੇ ਜਬਾੜ੍ਹੇ ਦੇ ਪਿਛਲੇ ਪਾਸੇ ਟਕਰਾਉਣਾ ਜਰੂਰੀ ਹੁੰਦਾ ਹੈ ਅਤੇ ਚ,ਛ,ਜ ਅਤੇ ਝ ਦਾ ਉਚਾਰਨ ਉਨਾ ਚਿਰ ਸੰਭਵ ਹੀ ਨਹੀਂ, ਜਿੰਨਾ ਚਿਰ ਜੀਭ ਦੀ ਨੋਕ ਉਲਟੀ ਹੋ ਕੇ ਤਾਲੂ ਨਾਲ ਨਹੀ ਟਕਰਾਉਂਦੀ । ਇਸੇ ਤਰਾਂ ਕੁੱਝ ਆਵਾਜਾਂ ਨੱਕ ਦੀ ਸਹਾਇਤਾ ਨਾਲ ਨਿਕਲਦੀਆਂ ਹਨ ਜਿਵੇਂ ਨ, ਣ, ਬਿੰਦੀ, ਟਿੱਪੀ ਆਦਿ ਇਹਨਾਂ ਨੂੰ ਨਾਸਕੀ ਆਵਾਜਾਂ ਵੀ ਕਿਹਾ ਜਾਂਦਾ ਹੈ । ਕਹਿਣ ਦਾ ਭਾਵ ਇਥੇ ਇਹ ਹੈ ਕਿ ਜੋ ਬੋਲੀ ਅਸੀਂ ਮਾਤ ਬੋਲੀ ਵਜੋਂ ਬੋਲਦੇ ਹਾਂ, ਇਹ ਕੋਈ ਸਹਿਜ ਵਰਤਾਰਾ ਨਹੀਂ ਹੁੰਦਾ ਬਲਕਿ ਇਸ ਦੇ ਪਿਛੇ ਇਕ ਬਹੁਤ ਹੀ ਗੁੰਝਲਦਾਰ ਅਤੇ ਵਿਧੀਵਤ ਵਰਤਾਰਾ ਕੰਮ ਕਰ ਰਿਹਾ ਹੈ, ਜਿਸ ਦਾ ਪਤਾ ਉਸ ਵੇਲੇ ਲਗਦਾ ਹੈ ਜਦੋਂ ਕੋਈ ਵਿਅਕਤੀ ਆਪਣੀ ਮਾਂ ਬੋਲੀ ਤੋਂ ਇਲਾਵਾ ਕੋਈ ਦੂਸਰੀ ਬੋਲੀ ਸਿੱਖਣ ਦੀ ਕੋਸ਼ਿਸ਼ ਕਰਦਾ ਹੈ । ਇਸ ਸਥਿਤੀ ਵਿਚ ਸਿਖਾਂਦਰੂ ਨੂੰ ਸਿੱਖੀ ਜਾਣ ਵਾਲੀ ਬੋਲੀ ਦੇ ਸ਼ੁੱਧ ਬੋਲ ਉਚਾਰਨ ਵੇਲੇ ਬੜੀ ਮੁਸ਼ਕਲ ਪੇਸ਼ ਆਉਂਦੀ ਹੈ । ਮਿਸਾਲ ਵਜੋਂ ਕਿਸੇ ਹਿੰਦੀ ਬੋਲੀ ਦੇ ਵਕਤਾ ਤੋਂ "ਭੂੰਡ" ਦਾ ਉਚਾਰਨ ਪੁੱਛ ਲਓ ਤਾਂ ਉਹ ਅਮੂਮਨ ਹੀ ਉਕਤ ਬੋਲ ਦਾ ਉਚਾਰਨ "ਬ੍ਹੂੰਡ" ਕਰੇਗਾ । ਇਸ ਦਾ ਅਸਲ ਕਾਰਨ ਇਹ ਹੈ ਕਿ ਉਸ ਵਿਅਕਤੀ ਨੂੰ ਪੰਜਾਬੀ ਸੁਰ ਪਰਬੰਧ (intonation) ਅਰਥਾਤ ਉੱਚੀ, ਨੀਵੀਂ ਤੇ ਸਾਵੀਂ ਸੁਰ, ਬੱਲ ਅਤੇ ਦਬਾਅ ਦੀ ਜਾਣਕਾਰੀ ਨਹੀਂ ਹੁੰਦੀ ।ਬੋਲ ਵਿਚਲੀ ਕਿਹੜੀ ਅਵਾਜ ਉੱਤੇ ਉਚਾਰਨ ਵੇਲੇ ਕਿੰਨਾ ਕੁ ਦਬਾਅ ਪਾਉਣਾ ਹੈ, ਇਹ ਸਿਰਫ ਤੇ ਸਿਰਫ ਬੋਲ ਵਿਗਿਆਨ ਦੀ ਵਿਧੀ ਦੁਆਰਾ ਹੀ ਸਿੱਖਿਆ, ਸਮਝਿਆ ਅਤੇ ਸਿਖਾਇਆ ਜਾ ਸਕਦਾ ਹੈ ।ਏਹੀ ਕਾਰਨ ਹੈ ਕਿ ਬਰਤਾਨੀਆਂ ਵਿਚਲੇ ਪੰਜਾਬੀ ਪਰਿਵਾਰਾਂ ਦੀ ਨਵੀਂ ਪੀੜ੍ਹੀ "ਘਰ" ਨੂੰ "ਕਰ੍ਹ" ਬੋਲਦੀ ਹੈ ਕਿਉਂਕਿ ਉਹਨਾਂ ਨੂੰ ਪਰੰਪਰਾਗਤ ਵਿਆਕਰਣ ਮੁਤਾਬਿਕ ਸਿੱਖਿਆ ਦਿੱਤੀ ਹੋਣ ਕਰਕੇ ਅਵਾਜਾਂ ਦੀ ਸਹੀ ਪਹਿਚਾਣ ਕਰਨ ਦੀ ਜੁਗਤ ਤੋਂ ਵੰਚਿਤ ਰੱਖਿਆ ਗਿਆ ਹੁੰਦਾ ਹੈ, ਨਵੀਂ ਪੀੜ੍ਹੀ ਨੂੰ ਇਹ ਨਹੀਂ ਦੱਸਿਆ ਜਾਂਦਾ ਕਿ ਅਵਾਜਾਂ ਨੂੰ ਉਚਾਰਨ ਅਤੇ ਬੋਲਾਂ ਵਿਚ ਬਦਲਣ ਵੇਲੇ ਸਰੀਰ ਦੇ ਕਿਹੜੇ ਕਿਹੜੇ ਅੰਗ ਕਿਵੇਂ ਆਪਣਾ ਅਹਿਮ ਯੋਗਦਾਨ ਪਾਉਂਦੇ ਹਨ. ਫੇਫੜਿਆਂ ਤੋਂ ਬਾਹਰ ਆਉਣ ਵਾਲੀ ਹਵਾ ਬੋਲਾਂ ਚ ਬਦਲਣ ਵੇਲੇ ਸਾਹ ਪ੍ਰਣਾਲੀ ਦੇ ਕਿਹੜੇ ਪਰੋਸੈਸ ਵਿਚੋਂ ਲੰਘਦੀ ਹੈ ਤੇ ਨੱਕ, ਗਲਾ, ਘੰਡੀ, ਕਾਂ, ਦੰਦ, ਤਾਲੂ, ਬੁਲ੍ਹ, ਵੋਕਲ ਕੌਰਡਜ ਅਤੇ ਜੀਭ ਆਵਾਜਾਂ ਨੂੰ ਬੋਲਾਂ ਵਿਚ ਬਦਲਣ ਵਾਸਤੇ ਕਿਵੇਂ ਕਾਰਜਸ਼ੀਲ ਹੁੰਦੇ ਹਨ ।

ਉਂਜ ਸਾਨੂੰ ਇਹ ਸਭ ਕੁੱਝ ਇਕ ਸਹਿਜ ਵਰਤਾਰਾ ਹੀ ਲਗਦਾ ਹੈ, ਪਰ ਜਦੋਂ ਨਜਲਾ ਜੁਕਾਮ ਹੋ ਜਾਣ ਕਰਕੇ ਸਾਡੀ ਸਾਹ ਪ੍ਰਣਾਲੀ ਵਿਚ ਰੇਸ਼ਾ ਦਾ ਜਮਾਅ ਹੋ ਜਾਂਦਾ ਹੈ ਤੇ ਸਾਨੂੰ ਬੋਲਣ ਵਿਚ ਮੁਸ਼ਕਲ ਆਉਂਦੀ ਹੈ ਜਾਂ ਗਲਾ ਬੈਠ ਜਾਂਦਾ ਹੈ ਤਾਂ ਸਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਬੋਲੀ ਇਕ ਬਹੁਤ ਹੀ ਗੁੰਝਲਦਾਰ ਵਰਤਾਰਾ ਹੈ। ਕਿਸੇ ਬੋਲੀ ਵਿਚਲੀਆਂ ਸਾਰਥਿਕ ਅਵਾਜਾਂ ਦੇ ਗਰੁੱਪ ਉਚਾਰ ਨੂੰ ਬੋਲ Phoneme) ਕਿਹਾ ਜਾਂਦਾ ਹੈ ।ਇਥੇ ਇਹ ਸ਼ਪੱਸ਼ਟ ਕਰਨਾ ਜਰੂਰੀ ਹੈ ਕਿ ਅਵਾਜ ਇਕ ਭੌਤਿਕ ਇਕਾਈ (physical Unit) ਹੁੰਦੀ ਹੈ ਜਦ ਕਿ ਬੋਲ, ਅਵਾਜਾਂ ਨੂੰ ਕਿਸੇ ਵਿਧੀ ਵਿਚ ਉਚਾਰਨ ਤੋਂ ਬਾਅਦ ਪੈਦਾ ਹੋਏ ਬੋਲ ਕਾਰਜੀ ਇਕਾਈ (Functional Unit) ਹੁੰਦੇ ਹਨ । ਉਦਾਹਰਣ ਵਜੋਂ ਪੰਜਾਬੀ ਸ਼ਬਦ "ਪੀਰ" ਵਿਚ ਕੁੱਲ ਤਿੰਨ ਬੋਲ ਹਨ ?

ਪ+ਈ+ਰ = ਪੀਰ

ਇਹਨਾਂ ਤਿੰਨਾਂ ਨੂੰ ਅੱਗੋਂ ਹੋਰ ਹਿੱਸਿਆਂ ਵਿਚ ਨਹੀਂ ਵੰਡਿਆ ਜਾ ਸਕਦਾ, ਜਿਸ ਕਰਕੇ ਇਹਨਾਂ ਤਿੰਨਾ ਅਵਾਜਾਂ ਨੂੰ ਸਾਰਥਿਕ ਇਕਾਈ ਮੰਨਿਆ ਜਾਵੇਗਾ । ਇਸੇ ਤਰਾਂ "ਕਲਮ" ਵਿਚਲੇ ਬੋਲ ਹਨ ਜਿਹਨਾਂ ਨੂੰ ਅਦਲ ਬਦਲ ਕਰਕੇ "ਮਲਕ, ਲਮਕ, ਕਮਲ" ਆਦਿ ਬੋਲ ਯੂਨਿਟ ਪੈਦਾ ਕੀਤੇ ਜਾ ਸਕਦੇ ਹਨ ਪਰ ਇਹਨਾ ਬੋਲਾਂ ਨੂੰ ਹੋਰ ਟੁਕੜਿਆਂ ਵਿਚ ਨਹੀਂ ਵੰਡਿਆ ਜਾ ਸਕਦਾ ਜਿਸ ਕਰਕੇ ਇਹਨਾਂ ਨੂੰ ਅਖੰਡੀ ਆਵਾਜਾਂ (Supra segmental ) ਕਿਹਾ ਜਾਵੇਗਾ ।

ਮੁਕਦੀ ਗੱਲ ਇਹ ਕਿ ਬੋਲ ਵਿਗਿਆਨ ਆਪਣੇ ਆਪ ਵਿਚ ਇਕ ਬਹੁਤ ਹੀ ਨਵਾਂ ਅਤੇ ਵਿਗਿਆਨਕ ਵਿਸ਼ਾ ਹੈ ।ਪੰਜਾਬੀ ਬੋਲੀ ਵਿਚ ਅਜੇ ਇਸ ਦੀ ਵਰਤੋਂ ਦੀ ਸ਼ੁਰੂਆਤ ਨਹੀਂ ਕੀਤੀ ਜਾ ਸਕੀ, ਜਿਸ ਦੇ ਪ੍ਰਤੀਫਲ ਪੰਜਾਬੀਆਂ ਦੀ ਨਵੀਂ ਪੀੜ੍ਹੀ ਪੰਜਾਬੀ ਬੋਲਾਂ/ਸ਼ਬਦਾਂ ਦੇ ਸਹੀ ਉਚਾਰਨ ਵੇਲੇ ਬਹੁਤ ਸਾਰੀਆਂ ਗਲਤੀਆਂ ਕਰ ਰਹੀ ਹੈ, ਸਿੱਟੇ ਵਜੋਂ ਬੋਲ ਵਿਗਾੜ ਪੈਦਾ ਹੋ ਰਿਹਾ ਹੈ, ਅਰਥਾਂ ਦਾ ਅਨਰਥ ਹੋ ਰਿਹਾ ਹੈ ਅਤੇ ਬੋਲਣ ਢੰਗ ਵਿਚ ਤਬਦੀਲੀ ਆ ਰਹੀ ਹੈ ।

ਬਹੁਤ ਚੰਗੀ ਗੱਲ ਹੋਵੇਗੀ ਜੇਕਰ ਪੰਜਾਬੀ ਬੋਲੀ ਦੀ ਸਹੀ ਸਾਂਭ ਸੰਭਾਲ ਤੇ ਸਿਖਲਾਈ ਵਾਸਤੇ, ਪਰੰਪਰਾਗਤ ਵਿਆਕਰਣ ਦੀ ਬਜਾਏ, ਬੋਲ ਵਿਗਿਆਨ ਨੂੰ ਬੋਲੀ ਸਿਖਲਾਈ ਦਾ ਮਾਧਿਅਮ ਬਣਾਇਆ ਜਾਵੇ । ਇਸ ਤਰਾਂ ਕਰਨ ਨਾਲ ਪੰਜਾਬੀ ਬੋਲੀ ਵਿਚ ਬਹੁਤ ਨਿਖਾਰ ਆਵੇਗਾ ਅਤੇ ਬੋਲੀ ਤੇਜੀ ਨਾਲ ਵਿਕਾਸ ਕਰੇਗੀ, ਅਜਿਹਾ ਮੇਰਾ ਵਿਸ਼ਵਾਸ ਹੈ।

### ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ, ਸਕੱਤਰ ਅਤੇ ਮੈਂਬਰ ਸਰਕਾਰ ਦੇ ਬੀਬੇ ਪੁੱਤ ਬਣਨ ਦੀ ਥਾਂ ਪੰਥ ਦੇ ਮਸਲਿਆਂ ਦੀ ਸਾਰ ਲੈਣ : ਪਰਮਜੀਤ ਸਿੰਘ ਵੀਰ ਜੀ

# ਸਿੱਖਾਂ ਨਾਲ ਹੁੰਦੇ ਵਿਤਕਰਿਆ ਲਈ ਰਾਜਮੰਤਰੀ ਨੂੰ ਮੰਗਪਤਰ ਦੇਕੇ ਰਾਹੁਲ ਗਾਂਧੀ ਦੇ ਬਿਆਨ ਦੀ ਤੁਸੀਂ ਆਪ ਕੀਤੀ ਪ੍ਰੋੜਤਾ, ਫੇਰ ਉਸਦਾ ਵਿਰੋਧ ਕਿਉਂ ?



**ਨਵੀਂ ਦਿੱਲੀ 23 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):-** ਦਿੱਲੀ ਸਿੱਖ ਗੁਰਦੁਆਰਾ ਕਮੇਟੀ ਤੇ ਕਾਬਿਜ ਮੌਜੂਦਾ ਪ੍ਰਬੰਧਕਾਂ ਵਲੋਂ ਕੇਂਦਰ ਸਰਕਾਰ ਦੇ ਬੀਬੇ ਪੁੱਤ ਬਣਨ ਲਈ ਕਮੇਟੀ ਦੇ ਫੰਡਾ ਦੀ ਦੁਰਵਰਤੋਂ ਨਾਲ ਕੀਤੇ ਜਾ ਰਹੇ ਰਾਹੁਲ ਗਾਂਧੀ ਵਿਰੁੱਧ ਮੁਜਾਹਰੇ ਸਿਰਫ ਆਪਣੀ ਰਾਜਨੀਤੀ ਚਮਕਾਉਂਣ ਵਾਸਤੇ ਹਨ ਜਦਕਿ ਉਨ੍ਹਾਂ ਨੂੰ ਦਸਣਾ ਚਾਹੀਦਾ ਹੈ ਕਿ ਦਿੱਲੀ ਅੰਦਰ ਹੀ ਬਹੁਤ ਸਾਰੇ ਪ੍ਰਮਾਣ ਮੌਜੂਦ ਹਨ ਜਿਨ੍ਹਾਂ ਵਿਚ ਸਿੱਖ ਬੱਚਿਆਂ ਦੇ ਸਕੂਲ ਪ੍ਰਬੰਧਕਾਂ ਵਲੋਂ ਕਕਾਰ ਉਤਰਵਾ ਦਿੱਤੇ ਜਾਂਦੇ ਹਨ, ਸਿੱਖਾਂ ਨਾਲ ਬਦਸਲੂਕੀਆਂ ਹੁੰਦੀਆਂ ਹਨ, ਸਿੱਖਾਂ ਦੇ ਹਕਾਂ ਤੇ ਡਾਕੇ ਮਾਰੇ ਜਾਂਦੇ ਹਨ ।ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਧਰਮ ਪ੍ਰਚਾਰ ਦੇ ਸਾਬਕਾ ਮੁੱਖ ਸੇਵਾਦਾਰ, ਗੁਰਬਾਣੀ ਰਿਸਰਚ ਫਾਉਂਡੇਸ਼ਨ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਸੇਵਾ ਸੋਸਾਇਟੀ ਦੇ ਚੇਅਰਮੈਨ ਪੰਥਕ ਆਗੂ ਸਰਦਾਰ ਪਰਮਜੀਤ ਸਿੰਘ ਵੀਰਜੀ ਨੇ ਮੀਡੀਆ ਨੂੰ ਜਾਰੀ ਕੀਤੇ ਇਕ ਬਿਆਨ ਰਾਹੀਂ ਕਿਹਾ ਕਿ ਪੰਥ ਦੀ ਹਿੱਕ ਤੇ ਚੜ੍ਹਕੇ ਤੁਸੀਂ ਰਾਜ ਭਾਗ ਦਾ ਅਨੰਦ ਲੈ ਰਹੇ ਹੋ ਤੇ ਤੁਹਾਨੂੰ ਯਾਦ ਹੀ ਨਹੀਂ ਆਇਆ ਕੇ ਐਨੀਆਂ ਕੁਰਬਾਨੀਆਂ ਦੇ ਕੇ ਬਣੀਆਂ ਹੋਈ ਸਿੱਖਾਂ ਦੀ ਸਿਰਮੌਰ ਸੰਸਥਾਵਾਂ ਤੁਸੀਂ ਟਕੇ ਟਕੇ ਦੇ ਭਾਅ ਕਰ ਦਿੱਤੀਆਂ ਹਨ ਤੇ ਹੁਣ ਜਦੋਂ ਤੁਹਾਨੂੰ ਪਤਾ ਲੱਗਾ ਕਿ ਪੱਲੇ ਕੁੱਝ ਨਹੀਂ ਰਿਹਾ, ਸਟਾਫ ਨੂੰ ਤਨਖਾਹ ਤਕ ਨਹੀਂ ਦੇ ਪਾ ਰਹੇ ਤੇ ਚੀਕਾਂ ਮਾਰਣ ਲੱਗ ਪਏ ਹੋ ।ਤੁਹਾਨੂੰ ਦਸਣਾ ਚਾਹੀਦਾ ਕਿ ਰਾਹੁਲ ਗਾਂਧੀ ਨੇ ਅਮਰੀਕਾ ਵਿਚ ਕੀ ਗਲਤ ਕਿਹਾ ਹੈ ਉਨ੍ਹਾਂ ਸਿੱਖਾਂ ਅਤੇ ਘੱਟ ਗਿਣਤੀਆਂ ਨਾਲ ਹੋ ਰਹੇ ਵਿਤਕਰੇ ਨੂੰ ਉਜਾਗਰ ਕੀਤਾ ਤੇ ਜ਼ੇਕਰ ਦੇਸ਼ ਅੰਦਰ ਸਿੱਖਾਂ ਨਾਲ ਵਿਤਕਰਾ ਨਹੀਂ ਹੋ ਰਿਹਾ ਹੈ ਤਾਂ ਤੁਸੀਂ ਬੀਤੇ ਕਲ ਰਾਜ ਮੰਤਰੀ ਨੀਤਿਆਨੰਦ ਨੂੰ ਦੇਸ਼ ਅੰਦਰ ਸਿੱਖਾਂ ਨਾਲ ਹੋ ਰਹੇ ਵਿਤਕਰੇ ਵਿਰੁੱਧ ਮੰਗਪਤਰ ਕਿਸ ਮੂੰਹ ਨਾਲ ਦਿੱਤਾ ਹੈ. ? ਜਦਕਿ ਤੁਹਾਡੇ ਮੰਗਪਤਰ ਦਾ ਵਿਸ਼ਾ ਹੀ ਦੇਸ਼ ਅੰਦਰ ਸਿੱਖਾਂ ਨਾਲ ਹੋ ਰਿਹਾ ਵਿਤਕਰਾ ਸੀ ਜਿਸ ਨਾਲ ਤੁਸੀਂ ਖੁਦ ਰਾਹੁਲ ਗਾਂਧੀ ਦੀ ਗੱਲ ਦੀ ਪ੍ਰੋੜਤਾ ਆਪ ਹੀ ਕਰ ਦਿੱਤੀ ਹੈ । ਬੀਤੇ ਦੋ ਦਿਨ ਪਹਿਲਾਂ ਉਡੀਸਾ ਵਿਖੇ ਸਿੱਖ ਮੇਜਰ ਅਤੇ ਓਸ ਦੀ ਪਤਨੀ ਨਾਲ ਪੁਲਿਸ ਵਲੋਂ ਕੀਤਾ ਗਿਆ ਅਤਿ ਘਿਨੌਣਾ ਵਿਵਹਾਰ, ਛੱਤੀਸਗੜ੍ਹ ਅੰਦਰ ਸਿੱਖ ਨੌਜੁਆਨ ਨਾਲ ਪੁਲਿਸ ਦਾ ਗਲਤ ਵਿਵਹਾਰ, ਦਿੱਲੀ ਦੇ ਖਾਲਸਾ ਕਾਲਜ ਅੰਦਰ ਅੰਮ੍ਰਿਤਧਾਰੀ ਨੌਜੁਆਨ ਦੀ ਕੁੱਟਮਾਰ ਕਰਣ ਦੇ ਨਾਲ ਓਸ ਦੀ ਪਗ ਉਤਾਰਨੀ, ਲੰਮੇ ਸਮੇਂ ਤੋਂ ਜੇਲ੍ਹਾਂ ਅੰਦਰ ਬੰਦ ਸਿੱਖ ਨੌਜੁਆਨ, ਗੁਰੂਦੁਆਰਾ ਸਾਹਿਬਾਨਾਂ ਨੂੰ ਖੁਰਦ ਬੁਰਦ ਕਰਨਾ, ਹਵਾਈ ਜਹਾਜ ਅੰਦਰ ਸਿੱਖਾਂ ਨੂੰ ਕ੍ਰਿਪਾਨ ਪਾਉਣ ਤੋਂ ਰੋਕਣਾ, ਗੁਰੂ ਗ੍ਰੰਥ ਸਾਹਿਬ ਜੀ ਦੀ ਹੋ ਰਹੀ ਬੇਅਦਬੀਆਂ ਅਤੇ ਹੋਰ ਵੀ ਬਹੁਤ ਸਾਰੇ ਪੰਥ ਦੇ ਗੰਭੀਰ ਮਸਲੇ ਹਨ ਉਨ੍ਹਾਂ ਬਾਰੇ ਕਦੋ ਬੋਲੋਗੇ ਜਾਂ ਸਿਰਫ ਐਮਐਲਏ, ਐਮਪੀ ਦੀਆਂ ਟਿਕਟਾਂ ਲੈਣ ਖਾਤਿਰ ਸਰਕਾਰ ਦੇ ਝੋਲੀਚੂਕ ਹੀ ਬਣੇ ਰਹੋਗੇ।

# ਖਾਲਸਾ ਅਕੈਡਮੀ ਵਿਖੇ ਹਾਕੀ ਚੈਂਪੀਅਨਸ਼ਿਪ ਦੇ ਤੀਸਰੇ ਦਿਨ ਹੋਏ ਜ਼ਬਰਦਸਤ ਮੁਕਾਬਲੇ




**ਚੌਂਕ ਮਹਿਤਾ, 23 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਵਿਦਿਅਕ ਸੰਸਥਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਅਕੈਡਮੀ ਮਹਿਤਾ ਚੌਂਕ ਵਿਖੇ ਸੀ.ਬੀ.ਐਸ.ਈ. ਨੋਰਥ ਜੋਨ 99 ਦੇ ਹਾਕੀ ਦੇ ਮੈਚ ਲਗਾਤਾਰ ਖੇਡੇ ਜਾ ਰਹੇ ਹਨ। ਅੱਜ ਖੇਡ ਸਮਾਗਮ ਦੇ ਤੀਸਰੇ ਦਿਨ ਖਾਲਸਾ ਅਕੈਡਮੀ ਮਹਿਤਾ ਦੀਆਂ ਵੱਖਰੀਆਂ ਵੱਖਰੀਆਂ ਗਰਾਊਂਡਾਂ ਵਿੱਚ ਕੁੱਲ 35 ਹਾਕੀ ਦੇ ਮੈਚ ਖੇਡੇ ਗਏ ਜਿਨਾਂ ਵਿੱਚੋਂ ਸੀ.ਐਮ.ਐਸ. ਗੁਰੂ ਕਾਸ਼ੀ ਪਬਲਿਕ ਸਕੂਲ ਭਗਤਾ ਭਾਈ , ਵਿਦਿਆ ਦੇਵੀ ਜਿੰਦਲ ਸਕੂਲ ਦਿੱਲੀ ਅਤੇ ਲਿਟਲ ਐਂਗਲ ਸਕੂਲ ਸੋਨੀਪਤ ਨੇ ਵਿਰੋਧੀ ਟੀਮਾਂ ਨੂੰ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਮੈਚ ਖੇਡ ਰਹੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਨ ਵਾਸਤੇ ਖਾਲਸਾ ਅਕੈਡਮੀ ਦਾ ਹੋਣਹਾਰ ਵਿਦਿਆਰਥੀ ਡੀ.ਐਸ.ਪੀ. ਰਮਨਦੀਪ ਸਿੰਘ ਰੋਪੜ ਤੋਂ ਵਿਸ਼ੇਸ਼ ਤੌਰ ਤੇ ਖਾਲਸਾ ਅਕੈਡਮੀ ਪਹੁੰਚੇ। ਜਿਕਰਯੋਗ ਹੈ ਕਿ ਸ. ਰਮਨਦੀਪ ਸਿੰਘ ਖਾਲਸਾ ਅਕੈਡਮੀ ਸਕੂਲ ਤੋਂ ਵਿਦਿਆ ਪ੍ਰਾਪਤ ਕਰਕੇ ਅਤੇ ਹਾਕੀ ਦੀ ਟ੍ਰੇਨਿੰਗ ਲੈ ਕੇ ਡੀ.ਐਸ.ਪੀ ਦੇ ਅਹੁਦੇ ਤੇ ਪਹੁੰਚੇ। ਲੰਮੇ ਸਮੇਂ ਬਾਅਦ ਸਕੂਲ ਪਹੁੰਚਣ ਤੇ ਡੀ. ਐਸ .ਪੀ. ਰਮਨਦੀਪ ਸਿੰਘ ਬਹੁਤ ਖੁਸ਼ ਹੋਏ ਅਤੇ ਖਿਡਾਰੀਆਂ ਨਾਲ ਜਾਣ -ਪਹਿਚਾਣ ਕੀਤੀ ਸਕੂਲ ਮੈਨਜਮੈਂਟ ਵੱਲੋਂ ਉਨਾਂ ਨੂੰ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਜਤਿੰਦਰ ਕੁਮਾਰ ਸ਼ਰਮਾ ,ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ, ਰਿਟਾ. ਡੀ. ਐੱਸ. ਪੀ. ਰਾਮ ਸਿੰਘ, ਹਰਸ਼ਦੀਪ ਸਿੰਘ ਡਾਇਰੈਕਟਰ ਦਸ਼ਮੇਸ਼ ਵਿਦਿਅਕ ਸੰਸਥਾਵਾਂ, ਬਲਜਿੰਦਰ ਸਿੰਘ ਰੰਧਾਵਾ ਹਾਕੀ ਕੋਚ ਤੇ ਨੰਬਰਦਾਰ ਗੁਲਜਿੰਦਰ ਸਿੰਘ ਲਾਡੀ, ਸ਼ਮਸ਼ੇਰ ਸਿੰਘ ਸ਼ੇਰਾ ਨੰਗਲੀ ਤੋਂ ਇਲਾਵਾ ਸਮੂਹ ਅਧਿਆਪਕ ਸਾਹਿਬਾਨ, ਹੋਰਨਾ ਸਕੂਲਾਂ ਤੋਂ ਆਏ ਹਾਕੀ ਕੋਚ ਅਤੇ ਬੱਚਿਆਂ ਨੇ ਇਨਾਂ ਖੇਡ ਮੁਕਾਬਲਿਆਂ ਦਾ ਆਨੰਦ ਮਾਣਿਆ ਤੇ ਖਿਡਾਰੀਆਂ ਦੀ ਹੌਸਲਾ ਅਫਜਾਈ ਕੀਤੀ।

## ਹਰਿਆਣਾ ਲੋਕ-ਸਭਾ ਚੋਣਾਂ ਚ ਸਾਰੇ ਰਾਜਨੇਤਾ ਯੂਥ ਅਤੇ ਸੋਸਾਇਟੀ ਦੀ ਲੋੜਾਂ ਦਾ ਵੀ ਮੁੱਖ ਖਿਆਲ ਰੱਖਣ : ਸਰਦਾਰ ਵਿਪਿਨ ਪ੍ਰੀਤ ਸਿੰਘ



**ਅਸੀਂ** ਸਾਰੇ ਬਹੁਤ ਚੰਗੀ ਤਰਾਂ ਜਾਣਦੇ ਹਾਂ ਕਿ ਕਿ ਬੜੀ ਛੇਤੀ ਹਰਿਆਣਾ ਚ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ ਜਿਸ ਵਿੱਚ ਸਾਰੇ ਰਾਜਨੇਤਾ ਆਪਣਾ ਜ਼ੋਰ ਅਜ਼ਮਾ ਰਹੇ ਹਨ ਪਰ ਇਸ ਦੌਰਾਨ ਖਾਲਸਾ ਯੂਥ ਕਲੱਬ ਪੰਚਕੂਲਾ ਦੇ ਪ੍ਰਧਾਨ ਸਰਦਾਰ ਵਿਪਿਨ ਪ੍ਰੀਤ ਸਿੰਘ ਨੇ ਸਾਰੀ ਪਾਰਟੀ ਦੇ ਅਹੁਦੇਦਾਰਾ ਨੂੰ ਬੇਨਤੀ ਕੀਤੀ ਹੈ ਕਿ ਜਿਵੇਂ ਹਰ ਵਾਰ ਹੁੰਦਾ ਆਇਆ ਹੈ ਕਿ ਪਹਿਲਾਂ ਤਾਂ ਯੂਥ ਨੂੰ ਲਾਰੇ ਲਾ ਕੇ ਵੋਟ ਲੈ ਲਿੱਤੀ ਜਾਂਦੀ ਹੈ ਪਰ ਬਾਅਦ ਚ ਜਿੱਤਣ ਤੋਂ ਬਾਅਦ ਓਹੀ ਯੂਥ ਆਪਣੀ ਮੰਗਾਂ ਨੂੰ ਲੈ ਕੇ ਦਰ- ਦਰ ਦੀਆਂ ਠੋਕਰ ਖਾਣ ਲਈ ਮਜਬੂਰ ਹੋ ਜਾਂਦਾ ਹੈ ਕਿਉਂਕਿ ਨਾਂ ਤਾਂ ਯੂਥ ਕੋਲ ਚੱਜ ਦੀ ਨੌਕਰੀ ਹੁੰਦੀ ਹੈ ਨਾਂ ਹੀ ਚੱਜ ਦੀ ਨੌਕਰੀ ਦਾ ਕੋਈ ਮੌਕਾ ਮਿਲ ਪਾਉਂਦਾ ਅਤੇ ਨਾਂ ਹੀ ਪੰਚਕੂਲਾ ਵਿੱਚ ਹੱਲੇ ਤੱਕ ਕੋਈ ਯੂਨੀਵਰਸਿਟੀ ਬਣੀ ਹੈ ਅਤੇ ਨਾਂ ਹੀ ਕੋਈ ਮੈਡੀਕਲ ਕਾਲਜ ਬਣਿਆ ਹੈ । ਜਿਸ ਕਾਰਣ ਪੰਚਕੂਲਾ ਦਾ ਯੂਥ ਨੌਕਰੀ ਅਤੇ ਪੜਾਈ ਕਰਨ ਲਈ ਬਾਹਰ ਦੂਜੀ ਜਗ੍ਹਾ ਜਾਣ ਲਈ ਮਜਬੂਰ ਹੋ ਜਾਂਦਾ । ਇਸਦੇ ਨਾਲ ਹੀ ਜੇਕਰ ਗੱਲ ਕੀਤੀ ਜਾਵੇ ਸੁਸਾਇਟੀ ਦੇ ਹੱਕ ਦੀ ਤਾਂ ਪੰਚਕੂਲਾ ਦੀਆਂ ਸੜਕਾਂ ਦਾ ਬਹੁਤ ਮਾੜਾ ਹਾਲ ਹੈ ਅਤੇ ਨਾਲ ਹੀ ਡ੍ਰੇਨੇਜ ਸਿਸਟਮ ਵੀ ਬਹੁਤ ਮਾੜਾ ਹੈ । ਇਸਦੇ ਨਾਲ ਹੀ ਪੰਚਕੂਲਾ ਨੂੰ ਸਮਾਰਟ ਸਿਟੀ ਬਣਾਉਣ ਦੇ ਦਾਵੇ ਵੀ ਖੋਖਲੇ ਸਾਬਿਤ ਹੋਇ । ਇਸ ਮੌਕੇ ਤੇ ਸਰਦਾਰ ਵਿਪਿਨ ਪ੍ਰੀਤ ਸਿੰਘ ਦਾ ਆਹ ਵੀ ਕਹਿਣਾ ਹੈ ਕਿ ਖਾਲਸਾ ਯੂਥ ਕਲੱਬ ਵੱਲੋਂ ਪਹਿਲਾਂ ਵੀ ਇਹਨਾਂ ਮੁੱਦਿਆਂ ਤੇ ਸਰਕਾਰ ਨੂੰ ਕਈ ਐਕਟਿਵਿਟੀ ਰਾਹੀਂ ਜਾਣੂ ਕਰਵਾਇਆ ਗਿਆ ਹੈ ਇੱਥੇ ਤੱਕ ਕੀ ਸੜਕਾਂ ਦੇ ਖੱਡੇ ਤੱਕ ਸਾਡੀ ਟੀਮ ਵੱਲੋਂ ਭਰੇ ਗਏ ਪਰ ਫ਼ੇਰ ਵੀ ਸਾਰੇ ਕਾਰਜ ਹਾਲੇ ਤੱਕ ਲੰਮਕੇ ਪਏ ਹਨ ਅਤੇ ਯੂਥ ਆਪਣੀ ਮੰਗਾ ਨੂੰ ਲੈ ਕੇ ਬੇਵਸ ਜਾਪਦਾ ਦਿਸਦਾ ਹੈ । ਇਸ ਵਾਰ ਸਰਦਾਰ ਵਿਪਿਨ ਪ੍ਰੀਤ ਸਿੰਘ ਨੇ ਸਾਰੇ ਰਾਜਨੇਤਾਵਾਂ ਨੂੰ ਬੇਨਤੀ ਕੀਤੀ ਹੈ ਕੀ ਸਰਕਾਰ ਭਾਵੇਂ ਕਿਸੇ ਦੀ ਵੀ ਆਵੇ ਪਰ ਯੂਥ ਉਸ ਸਰਕਾਰ ਦੀ ਹਮੇਸ਼ਾ ਸ਼ਲਾਗਾ ਕਰੇਗਾ ਜਿਹੜੀ ਵੀ ਸਰਕਾਰ ਓਹਨਾਂ ਦੇ ਹੱਕਾਂ ਲਈ ਅਤੇ ਲੋੜਵੰਦ ਕਾਰਜਾਂ ਲਈ ਵਚਨਬੱਧ ਰਹੇਗੀ । ਇਸਦੇ ਨਾਲ ਹੀ ਵਿਪਿਨ ਪ੍ਰੀਤ ਸਿੰਘ ਨੇ ਆਹ ਗੱਲ ਵੀ ਕਹੀ ਕਿ ਜੇਕਰ ਸਰਕਾਰ ਨੂੰ ਓਹਨਾਂ ਦੀ ਟੀਮ ਦੀ ਕਿਸੇ ਵੀ ਪਲੈਟਫ਼ਾਰਮ ਤੇ ਲੋੜ ਪੈਂਦੀ ਹੈ ਤਾਂ ਓਹਨਾਂ ਦੀ ਟੀਮ ਬਣਦੀ ਸਹਾਇਤਾ ਜ਼ਰੂਰ ਕਰੇਗੀ ।

**-ਪਰਗਟ ਸਿੰਘ ਬਲਬੇੜਾ, 9022000070**

## ਸਾਂਸਦ ਡਾ ਰਾਜ ਕੁਮਾਰ ਚੱਬੇਵਾਲ ਨੂੰ ਕੀਤਾ ਸਨਮਾਨਤ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 23 ਸਤੰਬਰ (ਕੁਲਜੀਤ ਸਿੰਘ ਖੋਖਰ)**-ਹੁਸ਼ਿਆਰਪੁਰ ਤੋਂ ਲੋਕ ਸਭਾ ਦੇ ਸਾਂਸਦ ਡਾ ਰਾਜ ਕੁਮਾਰ ਚੱਬੇਵਾਲ ਨੂੰ ਕੈਪਟਨ ਮਨਜੀਤ ਸਿੰਘ ਭੋਮਾ ਨੇ ਆਪਣੇ ਗ੍ਰਹਿ ਵਿਖੇ ਪਹੁੰਚਣ ਤੇ ਗੁਰੂ ਜੀ ਦੇ ਸ਼ਸਤਰਾਂ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਪਟਨ ਮਨਜੀਤ ਸਿੰਘ ਭੋਮਾ ਨੇ ਦੱਸਿਆ ਕਿ ਡਾ ਰਾਜ ਕੁਮਾਰ ਚੱਬੇਵਾਲ ਜੀ ਪਹਿਲੀ ਵਾਰ ਮੇਰੇ ਘਰ ਆਏ ਹਨ ਤੇ ਇਸ ਦੀ ਖੁਸ਼ੀ ਵਿੱਚ ਉਹਨਾਂ ਦਾ ਮਾਨ ਸਨਮਾਨ ਕੀਤਾ ਗਿਆ ਇਸ ਮੌਕੇ ਉਨ੍ਹਾਂ ਨਾਲ ਕੈਪਟਨ ਮਨਜੀਤ ਸਿੰਘ ਭੋਮਾ ਐਕਸ ਸਰਵਿਸਮੈਨ ਪਾਰਟੀ ਪੰਜਾਬ ਜਰਨਲ ਸਕੱਤਰ ਇੰਦਰ ਸਿੰਘ ਮਨਿਦਰ ਸਿੰਘ ਸੁਰਜੀਤ ਸਿੰਘ ਤਰਲੋਕ ਸਿੰਘ ਗੁਰਭੇਜ ਸਿੰਘ ਮੁਖਤਿਆਰ ਸਿੰਘ ਬੋਹਜਾ ਬੂਟਾ ਸਿੰਘ ਰਸ਼ਪਾਲ ਸਿੰਘ ਦਲੇਰ ਸਿੰਘ ਇਕਬਾਲ ਸਿੰਘ ਜਸਵੰਤ ਸਿੰਘ ਨੰਬਰਦਾਰ ਘੁਮਾਣ ਤਰਸੇਮ ਸਿੰਘ ਗੁਰਦੇਵ ਸਿੰਘ ਬਲਰਾਮ ਬਰਿਆਰ ਜਸਵਿੰਦਰ ਸਿੰਘ ਪ੍ਰਭਨੂਰ ਸਿੰਘ ਗੁਰਦਿਆਲ ਸਿੰਘ ਮੈਡਮ ਨੀਲਮ ਜਸਬੀਰ ਕੌਰ ਸਿਮਰਨਜੀਤ ਕੌਰ ਸੁਵਿੰਦਰ ਕੌਰ ਬੇਬੀ ਮਨਸਿਮਰਨ ਕੋਰ ਆਦਿ ਹਾਜ਼ਰ ਸਨ।

## ਅਮਰ ਸ਼ਹੀਦ ਬਾਬਾ ਜੀਵਨ ਸਿੰਘ ਰੰਘਰੇਟੇ ਦਾ

# ਜਨਮ ਦਿਹਾੜਾ 29 ਸਤੰਬਰ ਨੂੰ ਮਨਾਇਆ ਜਾਵੇਗਾ



**ਚੌਕ ਮਹਿਤਾ, (ਬਾਬਾ ਸੁਖਵੰਤ ਸਿੰਘ ਚੰਨਣਕੇ)**-ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਰੰਘਰੇਟੇ ਦਾ ਜਨਮ ਦਿਹਾੜਾ 29 ਸਤੰਬਰ 2024 ਨੂੰ ਖੇਡ ਸਟੇਡੀਅਮ ਗਰਾਉਂਡ ਪਿੰਡ ਖਲਚੀਆਂ ਵਿਖੇ ਮਨਾਇਆ ਜਾ ਰਿਹਾ ਹੈ, ਜਿਸ ਵਿਚ

ਆਵਾਜ਼ਿ ਕੌਮ AWAZE QAUM International Newspaper & WEB TV

ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਰਾਗੀ ਢਾਡੀ ਕਵੀਸ਼ਰ, ਕਥਾਵਾਚਕ ਆਦਿ ਗੁਰ ਇਤਿਹਾਸ ਸੁਣਾ



ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਸਬੰਧੀ ਪ੍ਰਬੰਧਕਾਂ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਮਾਗਮ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ, ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਵਲੋਂ –ਹਰਕਿਸਨ ਸਿੰਘ ਡੀਐਸਪੀ ਬਾਬਾ ਬਕਾਲਾ ਸਾਹਿਬ, ਡਾ. ਬਿਕਰਮਜੀਤ ਸਿੰਘ ਬਾਠ, ਸਵਰਨਜੀਤ ਸਿੰਘ ਸੰਧੂ ਡੀਪੂ ਵਾਲੇ, ਡਾ. ਰਾਜਕੁਮਾਰ ਐਸ ਪੀ ਟੈਂਟ ਹਾਊਸ, ਡਾ. ਬਿੱਲਾ ਸਿੰਘ, ਪਾਲ ਸਿੰਘ ਫੌਜੀ, ਧਾਮੀ, ਬਿੰਦ ਫੌਜੀ, ਪਰਮਜੀਤ ਸਿੰਘ ਗਿੱਲ ਸਟੂਡੀਓ, ਬਾਬਾ ਪ੍ਰਕਾਸ਼ ਸਿੰਘ, ਜਸਪਾਲ ਸਿੰਘ, ਮਾ.. ਕੁਲਵਿੰਦਰ ਸਿੰਘ, ਕੁੱਕ ਸਿੰਘ, ਜੱਸਾ ਸਿੰਘ ਹਲਵਾਈ।

## ਪਿੰਡ ਤਾਰਾਗੜ੍ਹ ਦੇ ਬਜ਼ਾਰਾਂ ਚ ਲਾਈਟਾਂ ਲਗਾਉਣ ਲਈ ਪੌਣੇ ਦੋ ਲੱਖ ਰੁ: ਦੀ ਦਿੱਤੀ ਗ੍ਰਾਂਟ ਕੈਬਨਿਟ ਮੰਤਰੀ ਸ੍ਰ ਈਟੀਓ ਨੇ

# ਦਸ ਪਿੰਡਾਂ ਨੂੰ ਦਿੱਤੀਆਂ ਇਕ ਕਰੋੜ 72 ਲੱਖ ਰੁਪਏ ਦੀਆਂ ਗਰਾਂਟਾਂ




**ਜੰਡਿਆਲਾ ਗੁਰੂ, 23 ਸਤੰਬਰ ( ਕੁਲਵੰਤ ਸਿੰਘ ਵਿਰਦੀ)**-ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈ ਟੀ ਓ ਲਗਾਤਾਰ ਦੂਸਰੇ ਦਿਨ ਆਪਣੇ ਹਲਕੇ ਜੰਡਿਆਲਾ ਗੁਰੂ ਦੇਪਿੰਡਾਂ ਵਿੱਚ ਰਹੇ। ਇਸ ਮੌਕੇ ਉਨ੍ਹਾਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣਕੇ ਮੌਕੇ 'ਤੇ ਹੀ ਮੁਸ਼ਕਲਾਂ ਦਾ ਨਿਪਟਾਰਾ ਕਰਨ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਅਤੇ ਸਾਰੇ ਕੰਮਾਂ ਨੂੰ ਪੂਰਾ ਕਰਨ ਲਈ ਹਰੇਕ ਕੰਮ ਦੀ ਸਮਾਂ ਸੀਮਾ ਨਿਰਧਾਰਤ ਪਰਮ ਦੀ ਹਦਾਇਤ ਕੀਤੀ। ਉਹਨਾਂ ਨੇ ਅੱਜ ਦੂਸਰੇ ਦਿਨ ਦਸ ਪਿੰਡਾਂ ਨੂੰ ਇਕ ਕਰੋੜ 72 ਲੱਖ ਰੁਪਏ ਦੀਆਂ ਗਰਾਂਟਾਂ ਵੰਡੀਆਂ। ਜਿਨਾਂ ਵਿੱਚ ਪਿੰਡ ਮਾਲੋਵਾਲ ਨੂੰ 9.10 ਲੱਖ, ਤਲਵੰਡੀ ਨੂੰ 5 ਲੱਖ, ਜੱਬੋਵਾਲ ਵਾਲ ਨੂੰ 13.44 ਲੱਖ, ਮੁੱਛਲ ਨੂੰ 14 ਲੱਖ, ਜੋਧਾਨਗਰੀ ਨੂੰ 11 ਲੱਖ, ਕੋਟ ਖਹਿਰਾ ਨੂੰ 8 ਲੱਖ, ਡੇਹਰੀਵਾਲ ਨੂੰ 60 ਲੱਖ, ਰੁਮਾਣਾ ਚੱਕ ਨੂੰ 9 ਲੱਖ, ਕੋਟ ਹਯਾਤ ਨੂੰ 4 ਲੱਖ ਅਤੇ ਸੈਦਪੁਰ ਨੂੰ 9 ਲੱਖ ਰੁਪਏ ਦੀ ਗਰਾਂਟ ਦਿੱਤੀ। ਇਸ ਤੋਂ ਇਲਾਵਾ ਉਨਾਂ ਨੇ ਗ੍ਰਾਮ ਪੰਚਾਇਤ ਤਾਰਾਗੜ੍ਹ ਦੇ ਬਾਜ਼ਾਰ ਦੀ ਉਸਾਰੀ ਜੋ ਕਿ 13 ਲੱਖ ਰੁਪਏ ਨਾਲ ਹੋਣੀ ਹੈ ਦਾ ਕੰਮ ਸ਼ੁਰੂ ਕਰਵਾਇਆ ਅਤੇ ਬਾਜ਼ਾਰ ਵਿੱਚ ਲਾਈਟਾਂ ਲਗਾਉਣ ਲਈ ਪੌਣੇ ਦੋ ਲੱਖ ਰੁਪਏ ਦੀ ਗਰਾਂਟ ਦਿੱਤੀ।ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕੈਬਨਟ ਮੰਤਰੀ ਸਰਦਾਰ ਹਰਭਜਨ ਸਿੰਘ ਨੇ ਜੰਡਿਆਲਾ ਗੁਰੂ ਹਲਕੇ ਦੇ ਪਿੰਡ ਵਾਸੀਆਂ ਨੂੰ ਆਪਣੀ ਪੰਚਾਇਤ ਸਰਬਸੰਮਤੀ ਨਾਲ ਚੁਨਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ ਨਾਲ ਜਿਥੇ ਪਿੰਡਾਂ ਵਿੱਚ ਭਾਈਚਾਰਕ ਸਾਂਝ ਵਧੇਗੀ, ਉਥੇ ਹੀ ਧੜੇਬੰਦੀ ਖਤਮ ਹੋਵੇਗੀ ਤੇ ਪਿੰਡ ਤੇਜ਼ੀ ਨਾਲ ਵਿਕਾਸ ਕਰਨਗੇ। ਉਨ੍ਹਾਂ ਕਿਹਾ ਕਿ ਜਿਹੜਾ ਪਿੰਡ ਸਰਬਸੰਮਤੀ ਨਾਲ ਪੰਚਾਇਤ ਦੀ ਚੋਣ ਕਰੇਗਾ, ਉਸ ਪਿੰਡ ਨੂੰ ਪੰਜਾਬ ਸਰਕਾਰ ਵੱਲੋਂ 5 ਲੱਖ ਰੁਪਏ ਦੀ ਗਰਾਂਟ ਤੋਂ ਇਲਾਵਾ ਸਟੇਡੀਅਮ ਜਾਂ ਸਕੂਲ ਜਾਂ ਹਸਪਤਾਲ ਦਿੱਤਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਆਪਣੇ ਦੌਰੇ ਦੌਰਾਨ ਕੈਬਨਿਟ ਮੰਤਰੀ ਨੇ ਮਨਰੇਗਾ ਕਾਮਿਆਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਅਧਿਕਾਰੀਆਂ ਨੂੰ ਮਨਰੇਗਾ ਕਾਮਿਆਂ ਨੂੰ ਲਗਾਤਾਰ ਕੰਮ ਦੇਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਜਿਹੜੇ ਪਿੰਡਾਂ ਵਿੱਚ ਮਨਰੇਗਾ ਦਾ ਕੰਮ ਘੱਟ ਹੈ, ਉਥੇ ਰਜਵਾਹਿਆਂ ਜਾ ਸੜਕਾਂ 'ਤੇ ਬੂਟੇ ਲਗਾਉਣ ਸਮੇਤ ਹੋਰ ਸਾਧਨ ਰਾਹੀਂ ਕੰਮ ਪੈਦਾ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਕੋਲ ਪਿੰਡਾਂ ਦੇ ਵਿਕਾਸ ਲਈ ਪੈਸੇ ਦੀ ਕੋਈ ਘਾਟ ਨਹੀਂ ਹੈ ਪਰ ਤੁਸੀਂ ਇਹ ਪੈਸਾ ਆਪਣੀ ਲੋੜ ਅਨੁਸਾਰ ਅਤੇ ਗੁਣਵੱਤਾ ਨਾਲ ਕੰਮ ਕਰਵਾਉਂਦੇ ਹੋਏ ਲਗਾਓ ਤਾਂ ਜੋ ਤੁਹਾਡੇ ਹੀ ਦਿੱਤੇ ਹੋਏ ਇਸ ਪੈਸੇ ਦੀ ਸਹੀ ਵਰਤੋਂ ਹੋਵੇ ਅਤੇ ਉਸ ਦਾ ਪਿੰਡ ਵਾਸੀਆਂ ਨੂੰ ਸੁੱਖ ਮਿਲੇ। ਉਹਨਾਂ ਕਿਹਾ ਕਿ ਜੋ ਵੀ ਪਿੰਡ ਪੈਸੇ ਦੀ ਸੁਚੱਜੀ ਵਰਤੋਂ ਕਰੇਗਾ ਉਸ ਨੂੰ ਭਵਿੱਖ ਵਿੱਚ ਹੋਰ ਵੀ ਗਰਾਂਟਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਬਲਾਕ ਪ੍ਰਧਾਨ , ਚੇਅਰਮੈਨ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਅਤੇ ਪਿੰਡਾਂ ਦੇ ਮੋਹਤਬਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਵਡਾਲੀ ਡੋਗਰਾਂ ਦੇ ਵਿਹੜੇ ਚ ਪਹਿਲੀ ਵਾਰ ਕੈਬਨਿਟ ਮੰਤਰੀ ਸ੍ਰ ਈ ਟੀ ਓ ਨੇ ਪਹੁੰਚ ਕੇ ਕੀਤਾ ਉਦਘਾਟਨ : ਭਾਈ ਸੰਧੂ




**ਜੰਡਿਆਲਾ ਗੁਰੂ, 23 ਸਤੰਬਰ ( ਕੁਲਵੰਤ ਸਿੰਘ ਵਿਰਦੀ)**-ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੁਸਾਇਟੀ ਰਜਿ ਪਿੰਡ ਵਡਾਲੀ ਡੋਗਰਾਂ ਦੇ ਮੁੱਖ ਸੇਵਾਦਾਰ ਸ੍ਰ ਸਾਹਿਬ ਸਿੰਘ ਸੰਧੂ ਨੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਕਾਫੀ ਸਾਲਾਂ ਬਾਅਦ ਸਰਕਾਰੀ ਪ੍ਰਾਇਮਰੀ ਸਕੂਲ ਦੇ ਵਿਹੜੇ ਵਿੱਚ ਪਹਿਲੀ ਵਾਰ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸਰਦਾਰ ਹਰਭਜਨ ਸਿੰਘ ਈ.ਟੀ.ਓ ਵੱਲੋਂ ਸਕੂਲ ਦਾ ਦੌਰਾ ਕੀਤਾ ਗਿਆ। ਸਕੂਲ ਦੇ ਹੈਂਡ ਟੀਚਰ ਤਜਿੰਦਰ ਕੌਰ ਨਾਲ ਮੰਤਰੀ ਜੀ ਨੇ ਗੱਲਬਾਤ ਕੀਤੀ ਅਤੇ ਸਕੂਲਾਂ ਵਿੱਚ ਦੋ ਅਹਿਮ ਮੁਸ਼ਕਲਾਂ ਬਾਰੇ ਦੱਸਿਆ । ਕੈਬਨਿਟ ਮੰਤਰੀ ਸ੍ਰ ਈ ਟੀ ਓ ਜੀ ਵੱਲੋਂ ਸਕੂਲ ਦੇ ਵਿਹੜੇ ਵਿੱਚ ਇੰਟਰਲਾਕ ਟਾਇਲ ਦਾ ਕੰਮ ਸ਼ੁਰੂ ਕਰਵਾਇਆ ਗਿਆ ਸੀ ਜੋ ਹੁਣ ਮੁਕੰਮਲ ਹੋਇਆ ਤੇ ਇਸ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸੁਸਾਇਟੀ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ਨੇ ਕਿਹਾ ਕਿ ਸਾਨੂੰ ਇਸ ਸਰਕਾਰ ਕੋਲੋਂ ਬਹੁਤ ਆਸ ਸੀ ਜੋ ਪੂਰੀ ਹੁੰਦੀ ਦਿਖਾਈ ਦੇ ਰਹੀ ਹੈ ਅੱਗੇ ਉਨ੍ਹਾਂ ਕਿਹਾ ਕਿ ਮੈਂ ਅਤੇ ਮੇਰੇ ਸਾਥੀ ਸੁਖਬੀਰ ਸਿੰਘ ਵੱਲੋਂ ਰਹਿੰਦੇ ਅਧੂਰੇ ਕੰਮਾਂ ਤੋਂ ਜਾਣੂੰ ਕਰਵਾਇਆ ਜਿਸ ਸਬੰਧੀ ਸ੍ਰ ਈ ਟੀ ਓ ਜੀ ਨੇ ਭਰੋਸਾ ਦਵਾਇਆ ਕਿ ਜੋ ਰਹਿੰਦੇ ਰਹਿੰਦੇ ਕੰਮ ਮੁਕੰਮਲ ਹੋ ਜਾਣਗੇ ਥੋੜਾਂ ਮੋਕਾ ਹੋਰ ਦੇਵੋ ਅੱਗੇ ਸੰਧੂ ਨੇ ਕਿਹਾ ਕਿ ਸਕੂਲ ਦੇ ਸਮੁੱਚੇ ਸਟਾਫ ਵੱਲੋਂ ਮੰਤਰੀ ਜੀ ਨੂੰ ਜੀ ਆਇਆਂ ਆਖਿਆ ਅਤੇ ਧੰਨਵਾਦ ਕੀਤਾ ਗਿਆ ਇਸ ਮੌਕੇ ਤੇ ਸਕੂਲ ਮੈਡਮ ਨਵਰੀਤ ਕੌਰ , ਸੂਬੇਦਾਰ ਛਣਾਖ ਸਿੰਘ ਚੈਅਰਮੈਨ ਮਾਰਕਿਟ ਕਮੇਟੀ ਗਹਿਰੀ ਮੰਡੀ , ਲਵਦੀਪ ਸਿੰਘ ਸੈਕਟਰੀ , ਮਲਕੀਤ ਸਿੰਘ ਭੱਟੀ ਬੀ.ਡੀ ਓ ਅਫਸਰ ਜੰਡਿਆਲਾ ਗੁਰੂ , ਰਮਿੰਦਰ ਸਿੰਘ ਜਈ , ਜਗੀਰ ਸਿੰਘ ਮਾਨਾਵਾਲਾ ਕਲਾਂ , ਸੰਦੀਪ ਸਿੰਘ ਮੋਜੀ , ਦਵਿੰਦਰਪਾਲ ਸਿੰਘ ਗੋਰਾ , ਗੁਰਪ੍ਰੀਤ ਸਿੰਘ , ਬਲਜਿੰਦਰ ਸਿੰਘ , ਬਿਕਰਮਜੀਤ ਸਿੰਘ ਸ਼ੇਰਾ , ਸੁਰਿੰਦਰਪਾਲ ਸਿੰਘ , ਅਮਨਦੀਪ ਸਿੰਘ , ਅਰਸ਼ਦੀਪ ਸਿੰਘ , ਜਸਕਰਨਦੀਪ ਸਿੰਘ , ਹਰਭਜਨ ਸਿੰਘ ਮੌਜੀ , ਕਸ਼ਮੀਰ ਸਿੰਘ , ਜੋਬਨਬੀਰ ਸਿੰਘ ਵਡਾਲੀ, ਬਚਿਤਰ ਸਿੰਘ , ਜੋਗਿੰਦਰ ਸਿੰਘ , ਕੁਲਦੀਪ ਸਿੰਘ , ਜੋਗਿੰਦਰ ਸਿੰਘ , ਸਤਵਿੰਦਰ ਸਿੰਘ ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਮੈਂਬਰ ਪਾਰਲੀਮੈਂਟ ਡਾਕਟਰ ਰਾਜਕੁਮਾਰ ਚੱਬੇਵਾਲ ਦਾ 55ਵਾਂ ਜਨਮ ਦਿਨ ਮਨਾਇਆ ਗਿਆ



**ਸ੍ਰੀ ਹਰਗੋਬਿੰਦਪੁਰ ਸਾਹਿਬ, 23 ਸਤੰਬਰ (ਕੁਲਜੀਤ ਸਿੰਘ ਖੋਖਰ)**-ਹੁਸ਼ਿਆਰਪੁਰ ਤੋਂ ਲੋਕ ਸਭਾ ਹਲਕੇ ਦੇ ਮੈਂਬਰ ਪਾਰਲੀਮੈਂਟ ਡਾਕਟਰ ਰਾਜਕੁਮਾਰ ਚੱਬੇਵਾਲ ਦਾ 55ਵਾਂ ਜਨਮ ਦਿਨ ਕੈਪਟਨ ਮਨਜੀਤ ਸਿੰਘ ਭੋਮਾ ਦੇ ਗ੍ਰਹਿ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਪਟਨ ਮਨਜੀਤ ਸਿੰਘ ਭੋਮਾ ਨੇ ਕਿਹਾ ਕਿ ਡਾ ਰਾਜ ਕੁਮਾਰ ਚੱਬੇਵਾਲ ਜੀ ਨੇ ਜਦੋਂ ਦਾ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ ਉਦੋਂ ਤੋਂ ਹੀ ਹਲ਼ਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦਾ ਵਿਕਾਸ ਦਾ ਕੰਮ ਹੋਵੇ ਜਾਂ ਫਿਰ ਕੋਈ ਅਹਿਮ ਮੁੱਦਾ ਹੋਵੇ ਉਸ ਨੂੰ ਪਹਿਲ ਦੇ ਆਧਾਰ ਤੇ ਹਲ ਕੀਤਾ ਹੈ ਅਗੇ ਉਹਨਾਂ ਕਿਹਾ ਕਿ ਡਾਕਟਰ ਸਾਹਿਬ ਹਲਕੇ ਦੇ ਲੋਕਾਂ ਨੂੰ ਮਿਲਣ ਲਈ ਹਫਤੇ ਵਿੱਚ ਦੋ ਤਿੰਨ ਵਾਰੀ ਆਉਂਦੇ ਹਨ ਤੇ ਹਰ ਵਿਅਕਤੀ ਨੂੰ ਮਿਲ ਕੇ ਜਾਂਦੇ ਹਨ ਜਦੋਂ ਇਸ ਸਬੰਧੀ ਡ ਰਾਜ ਕੁਮਾਰ ਚੱਬੇਵਾਲ ਨਾਲ਼ ਗਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਮੇਰਾ ਆਪਣਾ ਹਲਕਾ ਹੈ ਤੇ ਹਲਕੇ ਦੇ ਲੋਕ ਮੇਰਾ ਆਪਣਾ ਪ੍ਰੀਵਾਰ ਹੈ ਤੇ ਪ੍ਰੀਵਾਰ ਨੂੰ ਮੈਂ ਕੋਈ ਆਂਚ ਨਹੀਂ ਆਉਣ ਦਿਆਂਗਾ ਅਗੇ ਉਹਨਾਂ ਕਿਹਾ ਕਿ ਹਲਕੇ ਦੇ ਜਿੰਨੇ ਵੀ ਕੰਮ ਅਧੂਰੇ ਪਏ ਹਨ ਉਹਨਾਂ ਨੂੰ ਪਹਿਲ ਦੇ ਆਧਾਰ ਤੇ ਕੀਤਾ ਜਾਵੇਗਾ ਇਸ ਤੋਂ ਬਾਅਦ ਉਹਨਾਂ ਕਿਹਾ ਕਿ ਜੇ ਕਿਸੇ ਵਿਆਕਤੀ ਨੂੰ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਉਹ ਮੇਰੇ ਨਾਲ ਸਿਧਾ ਸੰਪਰਕ ਕਰ ਸਕਦਾ ਹੈ ਇਸ ਮੌਕੇ ਉਨ੍ਹਾਂ ਨਾਲ ਕੈਪਟਨ ਮਨਜੀਤ ਸਿੰਘ ਭੋਮਾ ਜਰਨਲ ਸਕੱਤਰ ਇੰਦਰ ਸਿੰਘ ਮਨਿਦਰ ਸਿੰਘ ਸੁਰਜੀਤ ਸਿੰਘ ਤਰਲੋਕ ਸਿੰਘ ਗੁਰਭੇਜ ਸਿੰਘ ਮੁਖਤਿਆਰ ਸਿੰਘ ਬੋਹਜਾ ਬੂਟਾ ਸਿੰਘ ਰਸ਼ਪਾਲ ਸਿੰਘ ਦਲੇਰ ਸਿੰਘ ਇਕਬਾਲ ਸਿੰਘ ਜਸਵੰਤ ਸਿੰਘ ਨੰਬਰਦਾਰ ਘੁਮਾਣ ਤਰਸੇਮ ਸਿੰਘ ਗੁਰਦੇਵ ਸਿੰਘ ਬਲਰਾਮ ਬਰਿਆਰ ਜਸਵਿੰਦਰ ਸਿੰਘ ਪ੍ਰਭਨੂਰ ਸਿੰਘ ਗੁਰਦਿਆਲ ਸਿੰਘ ਮੈਡਮ ਨੀਲਮ ਜਸਬੀਰ ਕੌਰ ਸਿਮਰਨਜੀਤ ਕੌਰ ਸੁਵਿੰਦਰ ਕੌਰ ਬੋਬੀ ਮਨਸਿਮਰਨ ਕੋਰ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਵਧੀਕ ਡਿਪਟੀ ਕਮਿਸ਼ਨਰ, ਸੁਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ

# ਰਾਜਸੀ ਪਾਰਟੀਆਂ ਦੇ ਜ਼ਿਲਾ ਪ੍ਰਧਾਨਾਂ/ਸਕੱਤਰਾਂ ਨਾਲ ਮੀਟਿੰਗ



**ਗੁਰਦਾਸਪੁਰ ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 23 ਸਤੰਬਰ (ਕੁਲਜੀਤ ਸਿੰਘ ਖੋਖਰ)**- ਸ੍ਰੀ ਸੁਰਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਦੀ ਪ੍ਰਧਾਨਗੀ ਹੇਠ ਰਾਜਸੀ ਪਾਰਟੀਆਂ ਦੇ ਜਿਲਾ ਪ੍ਰਧਾਨਾਂ/ਸਕੱਤਰਾਂ ਨਾਲ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸ਼ਨ ਸਬੰਧੀ ਤਜਵੀਜ਼ਾਂ ਭੇਜਣ ਬਾਰੇ ਮੀਟਿੰਗ ਕੀਤੀ ਗਈ। ਆਪਣੇ ਦਫਤਰ ਵਿਖੇ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਲ੍ਹੇ ਦੇ ਸਮੂਹ ਹਲਕਿਆਂ ਦੇ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸ਼ਨ ਕਰਕੇ ਫਾਈਨਲ ਤਜਵੀਜ਼ 27 ਸਤੰਬਰ ਤੱਕ ਭੇਜੀ ਜਾਣੀ ਹੈ। ਉਨ੍ਹਾਂ ਦੱਸਿਆ ਕੇ ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫਸਰਾਂ ਵਲੋਂ ਸਮੂਹ ਪੋਲਿੰਗ ਸਟੇਸ਼ਨਾਂ ਦੀ ਵਾਸਤਵਿਕ ਪੜਤਾਲ ਕਰਵਾਉਣ ਉਪਰੰਤ ਹਲਕੇ ਪੱਧਰ ਤੇ ਰਾਜਸੀ ਪਾਰਟੀਆਂ ਨਾਲ ਸਲਾਹ ਮਸ਼ਵਰਾ ਕਰਕੇ ਪੋਲਿੰਗ ਸਟੇਸ਼ਨਾਂ ਦੀ ਤਜਵੀਜ਼ ਤਿਆਰ ਕੀਤੀ ਗਈ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਪੋਲਿੰਗ ਸਟੇਸ਼ਨਾਂ ਦੀ ਤਜਵੀਜ਼ ਕਰਦੇ ਸਮੇਂ ਚੋਣ ਕਮਿਸ਼ਨ ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਤਜਵੀਜ਼ਾਂ ਅਨੁਸਾਰ ਪੋਲਿੰਗ ਸਟੇਸ਼ਨਾਂ ਦੀ ਗਿਣਤੀ ਵਿੱਚ ਕੋਈ ਵਾਧਾ ਘਾਟਾ ਨਹੀਂ ਹੋਇਆ। ਕੇਵਲ ਪੋਲਿੰਗ ਸਟੇਸ਼ਨਾਂ ਦੀਆਂ ਇਮਾਰਤਾਂ ਵਿੱਚ ਕੁਝ ਤਬਦੀਲੀ ਕੀਤੀ ਗਈ ਹੈ

**☛ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸ਼ਨ ਸਬੰਧੀ ਤਜਵੀਜ਼ਾਂ ਭੇਜਣ ਬਾਰੇ ਕੀਤਾ ਵਿਚਾਰ ਵਟਾਂਦਰਾ**

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਫਾਈਨਲ ਤਜਵੀਜ਼ ਅਨੁਸਾਰ ਕੁਲ ਪੋਲਿੰਗ ਸਟੇਸ਼ਨਾਂ ਦੀ ਗਿਣਤੀ 1553 ਹੈ। ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ 207, ਦੀਨਾਨਗਰ (ਅ.ਜ) ਦੇ 229, ਕਾਦੀਆਂ ਦੇ 223, ਬਟਾਲਾ ਦੇ 201, ਸ੍ਰੀ ਹਰਗੋਬਿੰਦਪੁਰ ਸਾਹਿਬ (ਅ.ਜ) ਦੇ 226, ਫਤਿਹਗੜ੍ਹ ਚੂੜੀਆਂ ਦੇ 2ਹਨ ।26 ਅਤੇ ਡੇਰਾ ਬਾਬਾ ਨਾਨਕ 241 ਹਨ।ਉਨ੍ਹਾਂ ਅੱਗੇ ਦੱਸਿਆ ਕਿ ਤਬਦੀਲ ਕੀਤੇ ਗਏ ਪੋਲਿੰਗ ਸਟੇਸ਼ਨਾਂ ਵਿੱਚ ਗੁਰਦਾਸਪੁਰ ਚੋਣ ਹਲਕਾ ਦੇ 50- ਸਰਕਾਰੀ ਐਲੀਮੈਂਟਰੀ ਸਕੂਲ ਥਾਣੇਵਾਲ ਤੋਂ ਸਰਕਾਰੀ ਮਿਡਲ ਸਕੂਲ ਥਾਣੇਵਾਲ ਅਤੇ 59- ਸਰਕਾਰੀ ਪ੍ਰਾਇਮਰੀ ਸਕੂਲ ਘੁਰਾਲਾ ਤੋਂ ਸਰਕਾਰੀ ਮਿਡਲ ਸਕੂਲ ਘੁਰਾਲਾ ਵਿਖੇ ਬਣਾਇਆ ਗਿਆ ਹੈ। ਦੀਨਾਨਗਰ ਹਲਕੇ ਦੇ ਪੋਲਿੰਗ ਸਟੇਸ਼ਨ ਨੰਬਰ 122,123,124 ਅਤੇ 125 ਆਰੀਆ ਸੀਨੀਅਰ ਸੈਕੰਡਰੀ ਸਕੂਲ, ਗਾਂਧੀ ਗੇਟ ਦੀਨਾਨਗਰ ਤੋਂ ਸਵਾਮੀ ਸਰਵਾਨੰਦ ਇੰਸਟੀਚਿਊਟ ਆਫ ਮੈਨੇਜਮੈਂਟ ਟੈਕਨਾਲੋਜੀ ਅਤੇ ਇੰਜੀਨਰਿੰਗ ਟੈਕਨਾਲੋਜੀ ਦੀਨਾਨਗਰ ਵਿਖੇ ਬਣਾਇਆ ਹੈ। ਬਟਾਲਾ ਹਲਕੇ ਦੇ ਪੋਲਿੰਗ ਸਟੇਸ਼ਨ ਨੰਬਰ 26 ਅਤੇ 27 ਬੀਵੀਐਨ ਹਾਈ ਸਕੂਲ ਬਟਾਲਾ ਤੋਂ ਸ਼ਿਵਾਲਿਕ ਡਿਸਟਿੰਗੁਇਸ਼ਡ ਪਬਲਿਕ ਸਕੂਲ ਬਟਾਲਾ ਵਿਖੇ ਬਣਾਇਆ ਗਿਆ ਹੈ।

ਉਨ੍ਹਾਂ ਮਾਨਤਾ ਪ੍ਰਾਪਤ ਰਾਜਸੀ ਪਾਰਟੀਆਂ ਦੇ ਪਰਤੀਨਿਧਾਂ ਨੂੰ ਬੇਨਤੀ ਕੀਤੀ ਕਿ ਉਕਤ ਤਜਵੀਜ਼ਾਂ ਸਬੰਧੀ ਜੇਕਰ ਆਪਣਾ ਸੁਝਾਅ ਦੇਣਾ ਚਾਹੁੰਦੇ ਹਨ ਤਾਂ ਚੋਣ ਕਮਿਸ਼ਨ ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਲਿਖਤੀ ਸੁਝਾਅ ਜਿਲਾ ਚੋਣ ਦਫਤਰ ਗੁਰਦਾਸਪੁਰ ਨੂੰ ਭੇਜੇ ਜਾਣ, ਤਾਂ ਜੋ ਫਾਈਨਲ ਤਜਵੀਜ਼ ਪਰਵਾਨਗੀ ਲਈ ਮੁੱਖ ਚੋਣ ਅਫਸਰ ਪੰਜਾਬ ਨੂੰ ਭੇਜੀ ਜਾ ਸਕੇ। ਇਸ ਮੌਕੇ ਬਸਪਾ ਪਾਰਟੀ ਤੋਂ ਧਰਮਪਾਲ, ਕਾਂਗਰਸ ਪਾਰਟੀ ਤੋਂ ਗੁਰਵਿੰਦਰ ਲਾਲ, ਭਾਜਪਾ ਤੋਂ ਰਾਜਨ ਗੋਇਲ, ਆਮ ਆਦਮੀ ਪਾਰਟੀ ਤੋਂ ਹਿਤੇਸ਼ ਮਹਾਜਨ, ਸ਼੍ਰੋਮਣੀ ਅਕਾਲੀ ਦਲ ਤੋਂ ਜਤਿੰਦਰ ਸਿੰਘ, ਸੀਪੀਆਈ (ਐਮ) ਤੋਂ ਰਣਬੀਰ ਸਿੰਘ ਅਤੇ ਚੋਣ ਤਹਿਸੀਲਦਾਰ ਮਨਜਿੰਦਰ ਸਿੰਘ ਬਾਜਵਾ ਵੀ ਮੌਜੂਦ ਸਨ।

### ਜੂਨੀਅਰ ਕਾਮਨਵੈਲਥ ਵੇਟ ਲਿਫਟਿੰਗ ਚੈਂਪੀਅਨਸ਼ਿਪ ਫਿਜੀ ਵਿੱਚ

# ਬਾਲੋ ਯਾਲਮ ਨੇ ਜਿੱਤਿਆ ਸੋਨ ਤਮਗਾ

### ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਖੇਡਾਂ ਦੇ ਖੇਤਰ ਵਿੱਚ ਇੱਕ ਹੋਰ ਮੀਲ ਪੱਥਰ






**ਤਲਵੰਡੀ ਸਾਬੋ, 23 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਖੇਡਾਂ ਦੇ ਖੇਤਰ ਵਿੱਚ ਹਰ ਰੋਜ਼ ਨਵੇਂ ਦਸਹਿਦੇ ਸਥਾਪਿਤ ਕਰ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਗੁਰੂ ਕਾਸ਼ੀ ਯੂਨੀਵਰਸਿਟੀ ਨੇ ਗੁਰਲਾਭ ਸਿੰਘ ਸਿੱਧੂ, ਚਾਂਸਲਰ ਦੀ ਰਹਿ-ਨੁਮਾਈ ਹੇਠ ਇੱਕ ਹੋਰ ਮੀਲ ਪੱਥਰ ਸਥਾਪਿਤ ਕੀਤਾ। ਜਦੋਂ ਵਰਸਿਟੀ ਦੀ ਖਿਡਾਰਨ ਬਾਲੋ ਯਾਲਮ ਨੇ ਜੂਨੀਅਰ ਕਾਮਨਵੈਲਥ ਵੇਟ ਲਿਫਟਿੰਗ ਚੈਂਪੀਅਨਸ਼ਿਪ, ਫਿਜ਼ੀ ਵਿੱਚ ਸੋਨ ਤਮਗਾ ਜਿੱਤਿਆ। ਇਸ ਮੌਕੇ ਆਪਣੇ ਵਧਾਈ ਸੰਦੇਸ਼ ਵਿੱਚ ਸਿੱਧੂ ਨੇ ਖਿਡਾਰੀਆਂ, ਡਾਇਰੈਕਟਰ ਸਪੋਰਟਸ, ਡੀਨ ਫੈਕਲਟੀ ਆਫ਼ ਫਿਜ਼ੀਕਲ ਐਜੂਕੇਸ਼ਨ, ਕੋਚ ਅਤੇ ਸਮੂਹ ਵਰਸਿਟੀ ਪਰਿਵਾਰ ਨੂੰ ਸ਼ੁੱਭ ਇੱਛਾਵਾਂ ਭੇਂਟ ਕੀਤੀਆਂ। ਉਨ੍ਹਾਂ ਕਿਹਾ ਕਿ ਖਿਡਾਰੀਆਂ ਦੀ ਇਸ ਪ੍ਰਾਪਤੀ ਨੇ ਇਲਾਕੇ ਅਤੇ ਵਰਸਿਟੀ ਦਾ ਨਾਮ ਰੌਸ਼ਨ ਕੀਤਾ ਹੈ। ਇਹ ਸਭ ਖਿਡਾਰੀ ਅਤੇ ਉਨ੍ਹਾਂ ਦੇ ਕੋਚ ਦੀ ਮਿਹਨਤ ਅਤੇ ਸਮਰਪਣ ਸਦਕਾ ਹੈ।ਉਨ੍ਹਾਂ ਬਾਕੀ ਖਿਡਾਰੀਆਂ ਨੂੰ ਜੇਤੂਆਂ ਦੀ ਪ੍ਰਾਪਤੀ ਤੋਂ ਪ੍ਰੇਰਣਾ ਲੈ ਕੇ ਆਪਣੇ ਟੀਚੇ ਹੋਰ ਉੱਚੇ ਕਰਨ ਲਈ ਕਿਹਾ। ਉਨ੍ਹਾਂ ਦੱਸਿਆ ਕਿ ਵਰਸਿਟੀ ਖਿਡਾਰੀਆਂ ਦੇ ਖੇਡ ਪੱਧਰ ਨੂੰ ਉੱਚਾ ਚੁੱਕਣ ਲਈ ਅੰਤਰ-ਰਾਸ਼ਟਰੀ ਪੱਧਰ ਦੇ ਖੇਡ ਮੈਦਾਨ, ਮਾਹਿਰ ਕੋਚ, ਤਕਨੀਕੀ ਟ੍ਰੇਨਿੰਗ, ਆਧੁਨਿਕ ਇੰਸਟਰੂਮੈਂਟ ਅਤੇ ਉੱਚੇ ਦਰਜੇ ਦੀਆਂ ਖੇਡ ਸਹੂਲਤਾਂ ਉਪਲਬਧ ਕਰਵਾ ਰਹੀ ਹੈ। ਚੈਂਪੀਅਨਸ਼ਿਪ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਡਾ. ਰਾਜ ਕੁਮਾਰ ਸ਼ਰਮਾ, ਡਾਇਰੈਕਟਰ ਸਪੋਰਟਸ ਨੇ ਦੱਸਿਆ ਕਿ ਬਾਲੋ ਯਾਲਮ ਨੇ 59 ਕਿਲੋ ਭਾਰ ਵਰਗ ਵਿੱਚ 100 ਕਿੱਲੋ ਕਲੀਨ ਐਂਡ ਜਰਕ, 81 ਕਿਲੋ ਸਨੈਚ, ਕੁੱਲ 181 ਕਿਲੋ ਭਾਰ ਚੁੱਕ ਕੇ ਅਸਟ੍ਰੇਲੀਆ ਦੀ ਖਿਡਾਰਨ ਨੂੰ ਹਰਾਇਆ ਤੇ ਸੋਨ ਤਗਮਾ ਜਿੱਤਿਆ ਹੈ।ਉਨ੍ਹਾਂ ਦੱਸਿਆ ਕਿ ਪਹਿਲਾਂ ਵੀ ਵਰਸਿਟੀ ਦੇ ਖਿਡਾਰੀਆਂ ਨੇ ਪੈਰਾ ਓਲੰਪਿਕ ਅਤੇ ਏਸ਼ੀਅਨ ਖੇਡਾਂ ਵਿੱਚ ਤਗਮਾ ਜਿੱਤ ਕੇ ਵਰਸਿਟੀ ਦੇ ਤਗਮਿਆਂ ਦੇ ਖਜ਼ਾਨੇ ਨੂੰ ਹੋਰ ਅਮੀਰ ਕੀਤਾ ਹੈ। ਉਨ੍ਹਾਂ ਖਿਡਾਰੀਆਂ ਨੂੰ ਹੋਰ ਮਿਹਨਤ, ਪ੍ਰੈਕਟਿਸ ਅਤੇ ਅਨੁਸ਼ਾਸਨ ਵਿੱਚ ਰਹਿ ਕੇ ਅਭਿਆਸ ਕਰਨ ਦੀ ਸਲਾਹ ਦਿੱਤੀ। ਡਾ. ਬਲਵਿੰਦਰ ਕੁਮਾਰ ਸ਼ਰਮਾ, ਡੀਨ ਫੈਕਲਟੀ ਆਫ਼ ਫਿਜ਼ੀਕਲ ਐਜੁਕੇਸ਼ਨ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਖੇਡਾਂ ਸਾਨੂੰ ਸਮੇਂ ਦਾ ਪਾਲਣ, ਅਨੁਸ਼ਾਸਨ ਵਿੱਚ ਰਹਿਣ, ਸਰੀਰਕ ਅਤੇ ਮਾਨਸਿਕ ਪੱਖੋਂ ਤੰਦਰੁਸਤ ਰੱਖਦੀਆਂ ਹਨ ਸੋ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀ ਨਸ਼ਿਆਂ ਤੋਂ ਮੁਕਤ ਰਹਿੰਦੇ ਹਨ। ਉਨ੍ਹਾਂ ਆਉਣ ਵਾਲੀਆਂ ਖੇਲੋ ਇੰਡੀਆਂ ਖੇਡਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਵਰਸਿਟੀ ਦੇ ਖਿਡਾਰੀਆਂ ਵੱਲੋਂ ਹੋਰ ਤਗਮੇ ਜਿੱਤਣ ਦੀ ਆਸ ਪ੍ਰਗਟਾਈ।

# ਬਜ਼ੁਰਗ ਜੋੜੇ ਨੇ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਤੋਂ ਲਗਾਈ ਇਨਸਾਫ ਦੀ ਗੁਹਾਰ



**ਚੌਕ ਮਹਿਤਾ, 23 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਤਰਨ ਤਾਰਨ ਰੋਡ ਨਿਵਾਸੀ ਬਾਬਾ ਨਿਰਮਲ ਸਿੰਘ ਨੇ ਪ੍ਰੈਸ ਵਾਰਤਾ ਦੌਰਾਨ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਤੋਂ ਇਨਸਾਫ ਦੀ ਗੁਹਾਰ ਲਗਾਉਂਦਿਆਂ ਹੋਇਆ ਦੱਸਿਆ ਕਿ ਮੇਰੇ ਲੜਕੇ ਅਤਿੰਦਰਪਾਲ ਸਿੰਘ ਦਾ ਵਿਆਹ 10 ਸਾਲ ਪਹਿਲਾ ਮਨਦੀਪ ਕੌਰ ਜੋ ਇਕ ਨਿੱਜੀ ਹਸਪਤਾਲ ਵਿੱਚ ਬਤੌਰ ਨਰਸ ਨੌਕਰੀ ਕਰਦੀ ਹੈ ਦੇ ਨਾਲ ਹੋਇਆ ਸੀ।ਮੇਰੇ ਲੜਕੇ ਤੇ ਨੂੰਹ 'ਚ ਆਪਸੀ ਸਬੰਧ ਬਹੁਤ ਵਧੀਆ ਸਨ ਜਿੰਨਾ ਵਿੱਚੋ ਇਕ 9 ਸਾਲ ਦੀ ਬੱਚੀ ਵੀ ਹੈ ਪਰ ਅਰਸਾ ਕਰੀਬ 2 ਸਾਲ ਪਹਿਲਾ ਮੇਰਾ ਲੜਕਾ ਆਪਣੀ ਪਤਨੀ ਮਨਦੀਪ ਕੌਰ ਅਤੇ ਸੋਹਰੇ ਪਰਿਵਾਰ ਦੀ ਸਲਾਹ ਨਾਲ ਵਿਦੇਸ਼ ਚਲਾ ਗਿਆ ਸੀ। ਹੁਣ ਲੜਕੇ ਦੇ ਵਿਦੇਸ਼ ਚਲੇ ਜਾਣ ਤੋ ਬਾਅਦ ਮੇਰੀ ਨੂੰਹ ਵਿੱਚ ਕਾਫੀ ਬਦਲਾਅ ਆ ਗਿਆ ਅਤੇ ਮੇਰੀ ਨੂੰਹ ਦੀ ਭੈਣ ਅਤੇ ਮਾਂ-ਪਿਓ ਦੀ ਦਖਲ ਅੰਦਾਜੀ ਸਾਡੇ ਘਰ ਵਿੱਚ ਕਾਫੀ ਵੱਧ ਗਈ ਤੇ ਮਨਦੀਪ ਕੌਰ ਸਾਨੂੰ ਦੱਸੇ ਬਗੈਰ ਹੀ ਕਈ- ਕਈ ਦਿਨ ਘਰੋਂ ਬਾਹਰ ਰਹਿਣ ਲੱਗੀ ਪੁੱਛਣ ਤੇ ਕਦੇ ਕਹਿੰਦੀ ਮੇਰੀ ਡਿਊਟੀ ਡਬਲ ਲੱਗੀ ਹੈ ਕਦੇ ਕਹਿੰਦੀ ਕਿਸੇ ਹੋਰ ਹਸਪਤਾਲ ਵਿੱਚ ਸਾਡੇ ਕੈਂਪ ਚੱਲ ਰਹੇ ਹਨ। ਜਿਸ ਦਾ ਅਸੀ ਬੁਰਾ ਮਨਾਂਉਦੇ ਸੀ ਪਰ ਉਹ ਸਾਨੂੰ ਕਾਫੀ ਮਾੜੇ ਬੋਲ ਬੋਲਣ ਲੱਗ ਪਈ ਅਤੇ ਧਮਕੀਆਂ ਦੇਦੀ ਜੇਕਰ ਮੈਨੂੰ ਰੋਕ ਟੋਕ ਕੀਤੀ ਤਾਂ ਮੈਥੋਂ ਬੁਰਾ ਕੋਈ ਨਹੀਂ, ਇਥੋਂ ਤੱਕ ਕਹਿੰਦੀ ਕਿ ਜੇਕਰ ਤੁਹਾਡਾ ਜੇਲ ਯਾਤਰਾ ਕਰਨ ਦਾ ਇਰਾਦਾ ਹੈ ਤਾਂ ਮੈਨੂੰ ਹੱਥ ਲਗਾ ਕੇ ਦਿਖਾਓ-ਮੈਨੂੰ ਰੋਕ ਕੇ ਦਿਖਾਓ ਤੇ ਸਾਡੇ ਹੀ ਘਰ ਵਿੱਚ ਸਾਨੂੰ ਨਤੀਜੇ ਭੁਗਤਣ ਦੀਆਂ ਧਮਕੀਆ ਵੀ ਦੇਣ ਲੱਗ ਪਈ ਇਥੋ ਤੱਕ ਕਹਿ ਦੇਦੀ ਕਿ ਉਹ ਬਾਹਰ ਬੈਠੇ ਸਾਡੇ ਲੜਕੇ ਅਤਿੰਦਰਪਾਲ ਦਾ ਵੀ ਨੁਕਸਾਨ ਕਰਵਾ ਸਕਦੀ ਹੈ। ਅੱਜ ਤੱਕ ਮਨਦੀਪ ਕੌਰ ਦੀ ਤਨਖਾਹ ਵੀ ਉਸ ਦੇ ਅਕਾਊਂਟ ਵਿੱਚ ਹੀ ਆਉਂਦੀ ਰਹੀ ਹੈ ਜੋ ਅਸੀਂ ਕਦੇ ਵੀ ਨਹੀਂ ਮੰਗੀ। ਮਿਤੀ 8 ਮਾਰਚ ਨੂੰ ਵਕਤ ਕਰੀਬ 10 ਵਜੇ ਜਦ ਕੀਰਤਨ ਦੇ ਸਬੰਧ ਵਿੱਚ ਮੈ ਬਾਹਰ ਗਿਆ ਹੋਇਆ ਸੀ ਅਤੇ ਮੇਰੀ ਪਤਨੀ ਗੁਰਵੰਤ ਕੌਰ ਘਰ ਵਿੱਚ ਇਕੱਲੀ ਸੀ ਤਾਂ ਮਨਦੀਪ ਕੌਰ ਨੇ ਆਪਣੀ ਪੇਕੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਬੁਲਾਅ ਲਿਆ ਤੇ ਘਰ ਵਿੱਚ ਪਈ ਨਗਦੀ, ਸੋਨੇ ਦੇ ਜੇਵਰਾਤ ਤੇ ਹੋਰ ਲੋੜੀਦਾ ਸਮਾਨ ਲੈ ਕੇ ਉਹ 8 ਸਾਲਾ ਬੱਚੀ ਸਿਮਰੀਤ ਕੌਰ ਨੂੰ ਵੀ ਸਾਡੇ ਪਾਸ ਛੱਡ ਕੇ ਚਲੀ ਗਈ, ਜਾਂਦੇ ਸਮੇ ਮਨਦੀਪ ਕੌਰ ਧਮਕੀਆਂ ਦੇ ਗਈ ਕਿ ਜੇਕਰ ਇਸ ਸਬੰਧੀ ਕੋਈ ਵੀ ਕਾਰਵਾਈ ਕਰਵਾਉਣ ਸਬੰਧੀ ਸੋਚਿਆ ਵੀ ਤਾਂ ਉਲਟਾ ਹੀ ਫਸੋਗੇ।

ਉਨਾਂ ਦੇ ਜਾਣ ਤੋ ਬਾਅਦ ਮੇਰੀ ਪਤਨੀ ਗੁਰਵੰਤ ਕੌਰ ਨੇ ਇਸ ਦੀ ਸੂਚਨਾ ਮੈਨੂੰ ਦਿੱਤੀ ਤੇ ਮੈ ਤੁਰੰਤ ਘਰ ਪਹੁੰਚ ਕੇ ਜਦ ਸਾਰੇ ਵਰਤਾਰੇ ਸਬੰਧੀ ਆਪਣੀ ਨੂੰਹ ਦੇ ਬਾਪ ਨੂੰ ਫੋਨ ਕੀਤਾ ਤਾਂ ਉਸ ਨੇ ਮੇਰੇ ਨਾਲ ਦੁਰਵਿਹਾਰ ਕਰਦਿਆ ਕਿਹਾ ਕਿ ਅਸੀ ਆਪਣਾ ਸਮਾਨ ਲੈ ਗਏ ਹਾਂ ਹੁਣ ਸਾਨੂੰ ਤਲਾਕ ਚਾਹੀਦਾ ਹੈ। ਮੈ ਆਪਣੀ ਲੜਕੀ ਇਥੇ ਨਹੀ ਵਸਾਉਣੀ ਪਰ ਇਸ ਦੇ ਬਾਵਜੂਦ ਵੀ ਅਸੀ ਆਪਣੇ ਲੜਕੇ ਦਾ ਘਰ ਵਸਾਉਣ ਦੀ ਖਾਤਰ ਮੋਹਤਬਰਾਂ ਨੂੰ ਨਾਲ ਲੈਕੇ ਬਾਰ ਬਾਰ ਪਹੁੰਚ ਕਰਦੇ ਰਹੇ ਹਾਂ ਜਿੱਥੇ ਮੇਰੀ ਨੂੰਹ ਦਾ ਪਿਤਾ ਇੱਕ ਹੀ ਗੱਲ ਤੇ ਅੜਿਆ ਰਿਹਾ ਕਿ ਅਸੀਂ ਆਪਣੀ ਬੇਟੀ ਨੂੰ ਉਸ ਘਰ ਵਿੱਚ ਨਹੀਂ ਭੇਜਣਾ ਬਸ ਸਾਨੂੰ ਤਲਾਕ ਚਾਹੀਦਾ ਹੈ ਅਤੇ ਨਾਲ ਵਿਆਹ ਤੇ ਲੱਗਾ 14 ਲੱਖ ਰੁਪਿਆ ਵੀ ਪੂਰਾ ਚਾਹੀਦਾ ਹੈ, ਪਰ ਜਦ ਮੇਰਾ ਬੇਟਾ ਹੀ ਤਲਾਕ ਨਹੀਂ ਦੇਣਾ ਚਾਹੁੰਦਾ ਤਾਂ ਫਿਰ ਮੈਂ ਕਿਸ ਤਰ੍ਹਾਂ ਤਲਾਕ ਦੇਖ ਸਕਦਾ ਹਾਂ। ਜਿਸ ਬਾਦ ਉਹ ਧਮਕੀਆਂ ਦੇਣ ਦੇ ਨਾਲ ਨਾਲ ਸਾਡੇ ਖਿਲਾਫ ਝੂਠੀਆਂ ਦਰਖਾਸਤਾਂ ਦੇ ਕੇ ਬਲੈਕਮੇਲ ਅਤੇ ਹਿਰਾਸਮੈਂਟ ਕਰਦਿਆਂ ਹੋਇਆਂ ਹੁਣ ਉਹਨਾਂ ਨੇ ਸਾਡੇ ਖਿਲਾਫ ਥਾਣਾ ਕਿਲਾ ਲਾਲ ਸਿੰਘ ਬਟਾਲਾ ਵਿਖੇ ਸਾਜਿਸ਼ ਤਹਿਤ ਝੂਠਾ ਪਰਚਾ ਦਰਜ ਕਰਵਾ ਦਿੱਤਾ ਹੈ ਦੱਸਣਾ ਚਾਹਾਂਗਾ ਕਿ ਮੇਰਾ ਬੇਟਾ ਆਪਣੀ ਪਤਨੀ ਅਤੇ ਸੋਹਰਿਆਂ ਦੀ ਸਲਾਹ ਦੇ ਨਾਲ ਹੀ ਵਿਦੇਸ਼ ਗਿਆ ਸੀ ਜਾਣ ਤੋਂ ਪਹਿਲਾਂ ਜੋ ਵੀ ਆਪਣੀ ਪਤਨੀ ਅਤੇ ਸਹੁਰੇ ਪਰਿਵਾਰ ਨਾਲ ਗੱਲਬਾਤ, ਸਲਾਹ ਕਰਦਾ ਰਿਹਾ ਹੈ ਉਸ ਦੀ ਸਾਰੀ ਰਿਕਾਰਡਿੰਗ ਵੀ ਮੇਰੇ ਪਾਸ ਹੈ। 'ਅਖੀਰ ਵਿੱਚ ਬਜ਼ੁਰਗ ਬਾਬਾ ਨਿਰਮਲ ਸਿੰਘ ਨੇ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਤੋਂ ਮੰਗ ਕਰਦੇ ਹੋਏ ਕਿਹਾ ਕਿ ਸਾਜਿਸ਼ ਤਹਿਤ ਸਾਡੇ ਤੇ ਕੀਤਾ ਗਿਆ ਝੂਠੇ ਪਰਚੇ ਦੀ ਬਰੀਕੀ ਨਾਲ ਇਨਕੁਆਰੀ ਕਰਵਾ ਕੇ ਖਾਰਜ ਕੀਤਾ ਜਾਵੇ ਅਤੇ ਸਾਨੂੰ ਇਨਸਾਫ ਦਵਾਇਆ ਜਾਵੇ।

# ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ ਦੀ ਪਹਿਲੀ ਵਰ੍ਹੇਗੰਢ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇ:), ਪਠਾਨਕੋਟ ਵਿਖੇ ਮਨਾਈ

**ਪਠਾਨਕੋਟ, 23 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇ:), ਪਠਾਨਕੋਟ ਵਿਖੇ ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ ਦੀ ਪਹਿਲੀ ਵਰ੍ਹੇਗੰਢ ਮਨਾਈ ਗਈ। ਇਸ ਮੌਕੇ ਤੇ ਵਿਸ਼ੇਸ਼ ਰੂਪ ਵਿੱਚ ਸ਼੍ਰੀ ਮੁਨੀਸ਼ ਕੌਸਿਕ ਉਪ ਡਾਇਰੈਕਟਰ, ਡੀ.ਜੀ.ਈ. ਐਂਡ ਟੀ. ਨਵੀਂ ਦਿੱਲੀ, ਸ਼੍ਰੀ ਹਰੀਸ਼ ਮੋਹਨ, ਪ੍ਰਿੰਸੀਪਲ, ਸਰਕਾਰੀ ਆਈ.ਟੀ.ਆਈ. ਮੋਗਾ, ਸ਼੍ਰੀ ਵਿਨੇ ਮਰਵਾਹਾ, ਲੀਡ ਬੈਂਕ ਮੈਨੇਜਰ ਪਠਾਨਕੋਟ, ਕੋਆਰਡੀਨੇਟਰ ਸ਼੍ਰੀਮਤੀ ਮਿਨਾਕਸ਼ੀ ਕੰਪਿਊਟਰ ਇੰਸਟੱਕਟਰ ਹਾਜਰ ਸਨ।

ਜਾਣਕਾਰੀ ਦਿੰਦਿਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇ:) ਪਠਾਨਕੋਟ ਦੇ ਪ੍ਰਿੰਸੀਪਲ ਸ਼੍ਰੀ ਸੁਭਾਸ਼ ਚੰਦਰ ਨੇ ਦੱਸਿਆ ਕਿ ਇਹ ਸਮਾਰੋਹ ਕੌਮੀ ਪੱਧਰ ਤੇ ਮਨਾਇਆ ਗਿਆ ਹੈ ਸਮੂਚੇ ਦੇਸ਼ ਦੇ ਵੱਖ—ਵੱਖ ਕੇਂਦਰਾਂ ਜਿੱਥੇ—ਜਿੱਥੇ ਵੀ ਇਹ ਸਮਾਗਮ ਮਨਾਇਆ ਜਾ ਰਿਹਾ ਸੀ ਉਨ੍ਹਾਂ ਕੇਂਦਰਾਂ ਵਿੱਚ ਮਾਣਯੋਗ ਪ੍ਰਧਾਨ ਮੰਤਰੀ ਜੀ ਆਨ—ਲਾਈਨ ਮਾਧਿਅਮ ਰਾਂਹੀਂ ਸਿੱਧੇ ਤੌਰ ਤੇ ਸਮੂਹ ਹਾਜ਼ਰੀਨ ਨੂੰ ਮੁਖ਼ਾਤਿਬ ਹੁੰਦੇ ਹੋਏ ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ ਬਾਰੇ ਵਿਸਥਾਰਿਤ ਜਾਣਕਾਰੀ ਅਤੇ ਭਾਰਤ ਸਰਕਾਰ ਵੱਲੋਂ ਕਿੱਤਾ ਮੁੱਖੀ ਹੁਨਰਮੰਦ ਕਾਮਿਆਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਸਿਰਜਣ ਸੰਬਧੀ ਵਿਸਥਾਰ ਵਿੱਚ ਰੋਸਨੀ ਪਾਈ ਗਈ। ਜਾਣਕਾਰੀ ਦਿੰਦਿਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇ:) ਪਠਾਨਕੋਟ ਦੇ ਪ੍ਰਿੰਸੀਪਲ ਸ਼੍ਰੀ ਸੁਭਾਸ਼ ਚੰਦਰ ਨੇ ਦੱਸਿਆ ਕਿ ਇਹ ਸਮਾਰੋਹ ਕੌਮੀ ਪੱਧਰ ਤੇ ਮਨਾਇਆ ਗਿਆ ਹੈ ਸਮੂਚੇ ਦੇਸ਼ ਦੇ ਵੱਖ—ਵੱਖ ਕੇਂਦਰਾਂ ਜਿੱਥੇ—ਜਿੱਥੇ ਵੀ ਇਹ ਸਮਾਗਮ ਮਨਾਇਆ ਜਾ ਰਿਹਾ ਸੀ ਉਨ੍ਹਾਂ ਕੇਂਦਰਾਂ ਵਿੱਚ ਮਾਣਯੋਗ ਪ੍ਰਧਾਨ ਮੰਤਰੀ ਜੀ ਆਨ—ਲਾਈਨ ਮਾਧਿਅਮ ਰਾਂਹੀਂ ਸਿੱਧੇ ਤੌਰ ਤੇ ਸਮੂਹ ਹਾਜ਼ਰੀਨ ਨੂੰ ਮੁਖ਼ਾਤਿਬ ਹੁੰਦੇ ਹੋਏ ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ ਬਾਰੇ ਵਿਸਥਾਰਿਤ ਜਾਣਕਾਰੀ ਅਤੇ ਭਾਰਤ ਸਰਕਾਰ ਵੱਲੋਂ ਕਿੱਤਾ ਮੁੱਖੀ ਹੁਨਰਮੰਦ ਕਾਮਿਆਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਸਿਰਜਣ ਸੰਬਧੀ ਵਿਸਥਾਰ ਵਿੱਚ ਰੋਸਨੀ ਪਾਈ ਗਈ।

ਸਮਾਗਮ ਦੀ ਸਮਾਪਤੀ ਉਪਰੰਤ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇ:) ਪਠਾਨਕੋਟ ਦੇ ਪ੍ਰਿੰਸੀਪਲ ਸ਼੍ਰੀ ਸੁਭਾਸ਼ ਚੰਦਰ ਵੱਲੋਂ ਸ਼੍ਰੀ ਮੁਨੀਸ਼ ਕੌਸਿਕ ਉਪ ਡਾਇਰੈਕਟਰ, ਡੀ.ਜੀ.ਈ. ਐਂਡ ਟੀ. ਨਵੀਂ ਦਿੱਲੀ, ਸ਼੍ਰੀ ਹਰੀਸ਼ ਮੋਹਨ, ਪ੍ਰਿੰਸੀਪਲ, ਸਰਕਾਰੀ ਆਈ.ਟੀ.ਆਈ. ਮੋਗਾ, ਸ਼੍ਰੀ ਵਿਨੇ ਮਰਵਾਹਾ, ਲੀਡ ਬੈਂਕ ਮੈਨੇਜਰ, ਪਠਾਨਕੋਟ, ਵਿਸ਼ੇਸ਼ ਰੂਪ ਵਿੱਚ ਧੰਨਵਾਦ ਕੀਤਾ ਅਤੇ ਸਿਖਿਆਰਥੀਨਾਂ ਨੂੰ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਸੰਬਧੀ ਵੱਧ ਤੋਂ ਵੱਧ ਜਾਣਕਾਰੀ ਲੈਂਦੇ ਹੋਏ ਲਾਹਾ ਲੈਣ ਸੰਬਧੀ ਕਿਹਾ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਕਲੈਗਨਫੋਰਟ ਵਿਖੇ ਨਗਰ ਕੀਰਤਨ ਸਜਾਇਆ ਗਿਆ

## ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਅਤੇ ਭਾਈ ਵਰਿੰਦਰ ਸਿੰਘ ਜੀ ਜੌਹਲ ਹੋਰਾਂ ਨੇ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸ਼ਿਰਕਤ ਕੀਤੀ













(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਦਸ ਪਾਤਸ਼ਾਹੀਆਂ ਦੀ ਜੋਤ ਚਵਰ ਤਖਤ ਦੇ ਮਾਲਕ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਕਲੈਗਨਫਰੋਟ tessendorfer strasse 106,9020 ਵਿਖੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਮਹਾਨ ਵਿਸ਼ਾਲ ਨਗਰ ਕੀਰਤਨ 22 ਸਤੰਬਰ ਦਿਨ ਐਤਵਾਰ ਨੂੰ ਸ਼ਾਨੋ ਸ਼ੌਕਤ ਨਾਲ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਵਾ ਕੇ ਜੈਕਾਰਿਆਂ ਦੀ ਗੂੰਜ ਨਾਲ ਨਗਰ ਕੀਰਤਨ ਸਜਾਇਆ ਗਿਆ।ਇੰਟਰਨੈਸ਼ਨਲ ਪੰਥਕ ਦਲ ਵੱਲੋਂ ਵਿਸ਼ੇਸ਼ ਤੌਰ ਤੇ ਹਾਜਰੀ ਭਰੀ ਗਈ ਜਿਸ ਵਿੱਚ ਆਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਅਤੇ ਮੁੱਖ ਬੁਲਾਰੇ ਭਾਈ ਵਰਿੰਦਰ ਸਿੰਘ ਜੀ ਜੌਹਲ , ਭਾਈ ਹਰਪਾਲ ਸਿੰਘ ਜੀ ਗਿੱਲ ਸੀਨੀਅਰ ਮੀਤ ਪ੍ਰਧਾਨ ਕਲੈਗਨਫਰੋਟ ਵਿਸ਼ੇਸ਼ ਤੌਰ ਤੇ ਪਹੁੰਚੇ। ਜਥੇਦਾਰ ਬਾਬਾ ਨਛੱਤਰ ਸਿੰਘ ਜੀ ਅਤੇ ਭਾਈ ਵਰਿੰਦਰ ਸਿੰਘ ਜੀ ਨੇ ਪ੍ਰੈਸ ਨੋਟ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਅਸਟਰੀਆ ਯੂਰਪ ਦੀਆਂ ਸਮੂਹ ਸੰਗਤਾਂ ਵੱਲੋਂ ਨਗਰ ਕੀਰਤਨ ਬਹੁਤ ਹੀ ਚੜ੍ਹਦੀ ਕਲਾ ਅਤੇ ਜੋਸ਼ੋ ਖਰੋਸ਼ ਨਾਲ ਕੱਢਿਆ ਗਿਆ। ਬਹੁਤ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਪਰਿਵਾਰਾਂ ਸਮੇਤ ਹਾਜ਼ਰੀ ਭਰੀ। ਇਸੇ ਤਰ੍ਹਾਂ ਇੰਟਰਨੈਸ਼ਨਲ ਪੰਥਕ ਦਲ ਤੇ ਪੂਰਨ ਸਹਿਯੋਗ ਨਾਲ ਨਗਰ ਕੀਰਤਨ ਵਿੱਚ ਜਥੇਬੰਦੀ ਬਾਰੇ ਸੰਗਤਾਂ ਨੂੰ ਜਾਣੂ ਕਰਾਇਆ ।ਗਤਕੇ ਦੇ ਮੁਕਾਬਲੇ ਕਰਵਾਏ ਜਾਣਗੇ। ਆਈਆਂ ਸੰਗਤਾਂ ਵਾਸਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਮਹਾਨ ਨਗਰ ਕੀਰਤਨ ਦੇ ਵਿੱਚ ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੀ ਸਮੂਹ ਟੀਮ ਵੱਲੋਂ ਬਹੁਤ ਵੱਡਾ ਯੋਗਦਾਨ ਪਾਇਆ ਗਿਆ। ਅੱਗੇ ਬੋਲਦਿਆਂ ਕਿਹਾ ਕਿ ਸੰਗਤਾਂ ਨਗਰ ਕੀਰਤਨ ਦੇ ਦਰਸ਼ਨਾਂ ਲਈ ਲਾਮਿਸਾਲ ਉਤਸ਼ਾਹ ਅਤੇ ਥਾਂ ਥਾਂ ਸੰਗਤਾਂ ਵੱਲੋਂ ਨਗਰ ਕੀਰਤਨ ਦੇ ਸਵਾਗਤ ਲਈ ਵੱਡੀ ਗਿਣਤੀ ਵਿੱਚ ਸੰਗਤਾਂ ਵੱਧ ਚੜ ਕੇ ਪੁੱਜੀਆਂ। ਭਾਈ ਵਰਿੰਦਰ ਸਿੰਘ ਜੀ ਜੌਹਲ ਨੇ ਦੱਸਿਆ ਕਿ ਇਹ ਵੀ ਬਹੁਤ ਵੱਡੀ ਖੁਸ਼ੀ ਵਾਲੀ ਗੱਲ ਹੈ ਕਿ ਨਗਰ ਕੀਰਤਨ ਵਿੱਚ ਦੁਨੀਆ ਦਾ ਪਹਿਲਾ ਦੇਸ਼ ਅਸਟਰੀਆ ਹੋਵੇਗਾ ਜਿੱਥੇ ਸਮੂਹ ਗੁਰਦੁਆਰਾ ਸਾਹਿਬਾਨਾਂ ਦੀਆਂ ਕਮੇਟੀਆਂ ਦਾ ਪੂਰਨ ਸਹਿਯੋਗ ਅਤੇ ਏਕਤਾ ਹੈ ਜਿੱਥੇ ਅਸਟਰੀਆ ਦੀ ਧਰਤੀ ਤੇ ਹੋਣ ਵਾਲਾ ਹਰ ਕਾਰਜ ਸਮੂਹ ਗੁਰਦੁਆਰਾ ਸਾਹਿਬਾਨ ਅਤੇ ਸੰਗਤਾਂ ਵੱਲੋਂ ਪੂਰਨ ਸਹਿਯੋਗ ਦਿੱਤਾ ਜਾਂਦਾ ਹੈ।ਨਗਰ ਕੀਰਤਨ ਦਾ ਸਾਰਾ ਪ੍ਰੋਗਰਾਮ ਸਿੱਖ ਚੈਨਲ ਰਾਹੀਂ ਚੱਲਿਆ। ਇਸੇ ਤਰ੍ਹਾਂ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਵੱਲੋਂ ਨਗਰ ਕੀਰਤਨ ਵਿੱਚ ਪਹੁੰਚੀਆਂ ਸਮੂਹ ਸੰਗਤਾਂ ਅਤੇ ਸਮੂਹ ਗੁਰਦੁਆਰਾ ਸਾਹਿਬਾਨਾਂ ਦੀਆਂ ਕਮੇਟੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਜੀ ਆਇਆ ਕਿਹਾ ।ਇਸ ਮੌਕੇ ਭਾਈ ਹਰਪਾਲ ਸਿੰਘ ਜੀ ਗਿੱਲ ਸੀਨੀਅਰ ਮੀਤ ਪ੍ਰਧਾਨ ਕਲੈਗਨਫਰੋਟ ,ਭਾਈ ਤਰਸੇਮ ਸਿੰਘ ਜੀ ਮੀਤ ਪ੍ਰਧਾਨ ਅਤੇ ਪ੍ਰਧਾਨ ਗੁਰਦੁਆਰਾ ਕਲੈਗਨਫੋਰਟ, ਭਾਈ ਬਲਵਿੰਦਰ ਸਿੰਘ ਜੀ ਆਰਗੇਨਾਈਜਰ ਸਕੱਤਰ ਲਿਨਸ, ਭਾਈ ਸਾਗਰਪਾਲ ਸਿੰਘ ਜੀ ਪ੍ਰਧਾਨ ਗੁਰਦੁਆਰਾ ਸਾਲਜਬਰਗ, ਦਰਬਾਰਾ ਸਿੰਘ ,ਹਰਪਾਲ ਸਿੰਘ, ਜਸਵੀਰ ਸਿੰਘ, ਨਰਿੰਦਰ ਸਿੰਘ ,ਦਿਲਬਾਗ ਸਿੰਘ ਰਾਗੀ, ਕਸ਼ਮੀਰ ਸਿੰਘ ,ਪਰਸ਼ੋਤਮਪਾਲ ਸਿੰਘ, ਕਿਰਨ ਸਿੰਘ ,ਪਰਮਿੰਦਰ ਸਿੰਘ ,ਗੁਰਪ੍ਰੀਤ ਸਿੰਘ ,ਸ਼ਰਨਜੀਤ ਸਿੰਘ ,ਹਰਪ੍ਰੀਤ ਸਿੰਘ, ਸ੍ਰ ਪਰਮਿੰਦਰ ਸਿੰਘ , ਸ੍ਰ ਅਮਰਜੋਤ ਸਿੰਘ , ਸ੍ਰ ਜਸਬੀਰ ਸਿੰਘ , ਸ੍ਰ ਬਲਵਿੰਦਰ ਸਿੰਘ, ਭਾਈ ਜਗਤਾਰ ਸਿੰਘ ਜੀ ਸਿੱਖ ਚੈਨਲ,ਹਰਮਨ ਸਿੰਘ ਵਿਆਨਾ, ਸਤਰੀਬਨ ਸਿੰਘ ਵਿਆਨਾ,ਗੁਰਪ੍ਰੀਤ ਸਿੰਘ ਇਨਸਬਰੁੱਕ, ਮਨਜਿੰਦਰ ਸਿੰਘ ਮੰਡ ਅਤੇ ਹੋਰ ਪਤਵੰਤੇ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ੴ

ਜੇਹਾ ਚੀਰੀ ਲਿਖਿਆ ਤੇਹਾ ਹੁਕਮਿ ਕਮਾਹਿ, ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ।
ਦੇ ਮਹਾਂਵਾਕ ਅਨੁਸਾਰ ਸਾਡੇ ਪੂਜਨੀਕ



# ਸ੍ਰ. ਰਾਮ ਸਿੰਘ

## (ਸਪੁੱਤਰ ਸ੍ਰ. ਰਾਜਾ ਸਿੰਘ)

ਮਿਤੀ **17-09-2024** ਦਿਨ ਮੰਗਲਵਾਰ ਨੂੰ ਅਕਾਲ ਪੁਰਖ ਦੀ ਹਜੂਰੀ ਵਿਚ ਜਾ ਵਿਰਾਜੇ ਸਨ।
ਸੋ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

# ਸ੍ਰੀ ਸਹਿਜ ਪਾਠ ਸਾਹਿਬ ਜੀ ਦਾ ਭੋਗ

**ਮਿਤੀ 27-09-2024** ਦਿਨ **ਸ਼ੁਕਰਵਾਰ** ਨੂੰ **ਦੁਪਹਿਰ 12:30 ਵਜੇ** ਅਸਥਾਨ **ਗੁਰਦੁਆਰਾ ਸਾਹਿਬ, ਪਿੰਡ ਕਰੰਡੀ (ਟੋਹਾਣਾ)** ਵਿਖੇ ਪਾਏ ਜਾਣਗੇ। ਸੋ ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

## ਦੁਖੀ ਹਿਰਦੇ ਨਾਲ:

ਲੱਖਾ ਸਿੰਘ (ਭਰਾ) ਮੋ. 93158-84498
ਮਨਪ੍ਰੀਤ ਸਿੰਘ (ਭਤੀਜਾ) ਮੋ. 86075-73618
ਅਤੇ ਸਮੂਹ ਗੰਡੂ ਪਰਿਵਾਰ

**ਨਿਵਾਸ ਸਥਾਨ : ਪਿੰਡ ਕਰੰਡੀ (ਟੋਹਾਣਾ)**

ਆਵਾਜ਼ਿ ਕੌਮ AWAZE QAUM International Newspaper & WEB TV

ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਪ੍ਰਧਾਨ ਭਾਈ ਦਲੇਰ ਸਿੰਘ ਡੋਡ ਭਾਈ ਕੁਲਦੀਪ ਸਿੰਘ ਜੀ ਖਾਲਸਾ ਫਰੀਦਕੋਟ ਅਤੇ ਸਮੁੱਚੀ ਟੀਮ ਵੱਲੋਂ

# ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਤੇ ਦੁਮਾਲੇ ਅਤੇ ਦਸਤਾਰਾਂ ਦੇ ਮੁਕਾਬਲੇ ਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ










ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਪ੍ਰਧਾਨ ਭਾਈ ਦਲੇਰ ਸਿੰਘ ਡੋਡ ਭਾਈ ਕੁਲਦੀਪ ਸਿੰਘ ਜੀ ਖਾਲਸਾ ਫਰੀਦਕੋਟ ਅਤੇ ਸਮੁੱਚੀ ਟੀਮ ਵੱਲੋਂ ਵੱਲੋਂ ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਤੇ ਦੁਮਾਲੇ ਅਤੇ ਦਸਤਾਰਾਂ ਦੇ ਮੁਕਾਬਲੇ ਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ ਇਸ ਮੌਕੇ ਹਾਜਰੀ ਲਵਾਈ ਭਾਈ ਸਰਬਜੀਤ ਸਿੰਘ ਖਾਲਸਾ ਮੈਂਬਰ ਪਾਰਲੀਮੈਂਟ ਵੱਲੋਂ ਹਾਜ਼ਰੀ ਲਵਾਈ ਗਈ ਉਹਨਾਂ ਦੇ ਨਾਲ ਬੀਬੀ ਸੰਦੀਪ ਕੌਰ ਗੁਰਸੇਵਕ ਸਿੰਘ ਜਵਾਹਰਕੇ ਨਵਦੀਪ ਸਿੰਘ ਪੱਤੋ ਤਾਜਦੀਪ ਸਿੰਘ ਹਾਜ਼ਰ ਸਨ।





ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243